300 Saal Guru de naal

Gurta Gaddi - Nanded 2008

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ
੩੦੦ ਸਾਲ ਗੁਰਤਾ ਗੱਦੀ ਦਿਵਸ
ਨੂੰ ਸਮਰਪਤ

ਸੰਯੁਕਤ ਕਾਵਿ ਸੰਗ੍ਰਹਿ

ਗੁਰੂ ਮਾਨਿਓ ਗ੍ਰੰਥ

ਸੰਪਾਦਨ - ਤ੍ਰਿਲੋਚਨ ਸਿੰਘ ਚੰਨ 'ਲਖਨਵੀ'

: ਪ੍ਰਕਾਸ਼ਕ :
ਉਤਰ ਪ੍ਰਦੇਸ਼ ਪੰਜਾਬੀ ਅਕੈਡਮੀ, ਲਖਨਊ

ਪੰਜਾਬੀ-ਹਿੰਦੀ ਸੰਯੁਕਤ ਕਾਵਿ ਸੰਗ੍ਰਹਿ

ਗੁਰੂ ਮਾਨਿਓ ਗ੍ਰੰਥ

(गुरू मानिओ ग्रन्थ)

राजेन्द्र सिंह बग्गा
उपाध्यक्ष
उ० प्र० पंजाबी अकादमी
उत्तर प्रदेश, सरकार

ਸੰਪਾਦਨ -

ਤ੍ਰਿਲੋਚਨ ਸਿੰਘ 'ਚੰਨ' ਲਖਨਵੀ

ਗੁਰੂ ਮਾਨਿਓ ਗ੍ਰੰਥ

(ਲਖਨਊ ਦੇ ੧੦ ਕਵਿਆਂ ਦਾ ਸੰਯੁਕਤ ਕਾਵਿ ਸੰਗ੍ਰਹਿ)

Guru Maneyo Granth

(Poems by 10 Poets of Lucknow)

Edited by
Trilochan Singh 'Chan' Lucknavi
551Jha/28, Ram Nagar, Alambagh,
Lucknow-226005
Mobile : 94154-69266

© **AZAD LEKHAK & KAVI SABHA, LUCKNOW**

First Edition, Sept. 2008

Published by
Uttar Pradesh Punjabi Academy (U.P. Govt.)

Price : Rs. 60/-

Computer Type Setting &
Printed by :

Sarabjeet Singh
M/s. BAKHSHISH
Alambagh, Lucknow-226005
Phone : (0522) 2456014, 2459014

संदेश



राजेन्द्र सिंह बग्गा
उपाध्यक्ष
उ०प्र० पंजाबी अकादमी
उ०प्र० शासन

मुझे यह जान कर प्रसन्नता हो रही है कि '**आज़ाद लेखक एवं कवि सभा**', लखनऊ जो धार्मिक लिट्रेचर छपवा कर जन साधारण में वितरित करने में सदैव अग्रणी रही है, ने श्री गुरू ग्रन्थ साहिब की 300वीं गुरता गद्दी दिवस के उपलक्ष्य में एक संयुक्त काव्य संकलन '**गुरू मानिओ ग्रन्थ**' प्रकाशित करने का निर्णय लिया है।

उक्त काव्य संग्रह हेतु सभा के सचिव स० त्रिलोचन सिंह 'चन' द्वारा उ०प्र० पंजाबी अकादमी से सहयोग की अपेक्षा को मेरे द्वारा सहर्ष स्वीकार किया गया। इस महत्वपूर्ण सार्वजनिक धार्मिक कार्य में सहयोग प्रदान कर, उ०प्र० पंजाबी अकादमी को गर्व की अनुभूति होगी। अतः मैं स० त्रिलोचन सिंह 'चन' को इस कार्य हेतु बधाई देते हुए इसके प्रकाशन में तन, मन व धन से पूर्ण सहयोग प्रदान करने का आश्वासन देता हूँ।

उल्लेखनीय है कि अभी कुछ समय पूर्व ही, उ०प्र० पंजाबी अकादमी द्वारा स० त्रिलोचन सिंह 'चन' द्वारा लिखित पुस्तक '**चौदहवां रत्न डा० भीमराव अम्बेडकर**' का प्रकाशन भी हो चुका है जो कि पंजाबी पाठकों के लिए एक संग्रहणीय कृति है।

मैं 'गुरू मानिओ ग्रन्थ' काव्य संग्रह के लिए एक बार पुनः सभा के सभी कवियों को बधाई देते हुए समस्त पाठकों के इस पुस्तक से लाभ उठाने की अपेक्षा करता हूँ।

Rajendra Singh Bagga
Vice Chairman
Uttar Pradesh Punjabi Academy
Uttar Pradesh

संदेश



कवल पाल सिंह सेठी

अध्यक्ष

सिक्ख यंग मैंज़ ऐसोसिएशन, लखनऊ

मुझे यह जान कर अपार हर्ष का आभास हो रहा है कि श्री त्रिलोचन सिंह 'चन', सचिव, आज़ाद लेखक एवं कवि सभा, लखनऊ ने श्री गुरू ग्रन्थ साहिब जी की गुरता गद्दी दिवस की तीसरी शती के उपलक्ष्य में एक संयुक्त काव्य संग्रह 'गुरू मानिओ ग्रन्थ' सम्पादित करने का मन बनाया है। मुझे यह भी ज्ञात हुआ है कि इस महत्वपूर्ण कार्य में स० राजेन्द्र सिंह बग्गा, उपाध्यक्ष, उ०प्र० पंजाबी अकादमी ने 'चन' जी को पूर्ण आर्थिक सहयोग प्रदान करने का आश्वासन दिया, जो कि एक सराहनीय कार्य है।

इस काव्य संग्रह के लिए जहाँ मैं चन जी एवं समस्त कवियों को बधाई दे रहा हूँ, वहीं सिक्ख यंग मैंज़ ऐसोसिएशन की ओर से समस्त गुरु नानक नाम लेवा संगत को गुरू ग्रन्थ साहिब जी की गुरता गद्दी की तीसरी शती के लिए बहुत-बहुत बधाई पेश करता हूँ।

Kawal Pal Singh Sethi

M/s. **HEMKUNT TYRES**

An Exclusive Showroom of Apollo Tyres

E-2/10, Transport Nagar, Lucknow.

Tel: 2435360, 2435380, 9839013522

ਸੰਪਾਦਕ ਵੱਲੋਂ .....

'ਆਜ਼ਾਦ ਲੇਖਕ ਅਤੇ ਕਵੀ ਸਭਾ', ਪਿਛਲੇ ੨੫-੩੦ ਸਾਲਾਂ ਤੋਂ ਗੁਰਮਤਿ ਲਿਟ੍ਰੇਚਰ ਹਿੰਦੀ ਅਤੇ ਪੰਜਾਬੀ ਵਿਚ ਇਤਿਹਾਸਕ ਦਿਹਾੜਿਆਂ ਤੇ ਛਪਵਾ ਕੇ ਸੰਗਤਾ ਦੀ ਸੇਵਾ ਵਿਚ ਪੇਸ਼ ਕਰਦੀ ਆ ਰਹੀ ਹੈ। ਕੁਝ ਖ਼ਾਸ ਮੌਕਿਆਂ ਤੇ ਅਖ਼ਬਾਰਾਂ ਵਿਚ ਲੇਖ, ਹੈਂਡ ਬਿਲਸ, ਫ਼ੋਲਡਰ ਅਤੇ ਕਿਤਾਬਚੇ ਆਦਿ ਦੇ ਪ੍ਰਕਾਸ਼ਨ ਤੋਂ ਛੁਟ ਪਿਛਲੇ ਕੁਝ ਕੁ ਸਾਲਾਂ ਵਿਚ ਬੀਤ ਚੁੱਕੀਆਂ ਸ਼ਤਾਬਦੀਆਂ ਨਾਲ ਸਬੰਧਤ, ਲੇਖ ਅਤੇ ਕਵਿਤਾ-ਮੁਕਾਬਲੇ, ਪ੍ਰਸ਼ਨੋਂਤਰੀ-ਮੁਕਾਬਲੇ ਆਦਿ ਦੇ ਨਾਲ ਹੀ ਸ਼ਾਨਦਾਰ ਕਵੀ ਦਰਬਾਰਾਂ ਦੇ ਵੀ ਕਈ ਆਯੋਜਨ ਵੀ ਸਭਾ ਵੱਲੋਂ, ਆਪ ਦੇ ਸਹਿਯੋਗ ਨਾਲ ਸਰ ਅੰਜਾਮ ਦਿੱਤੇ ਗਏ।

ਹੁਣ ੨੦੦੮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ ਗੁਰਤਾ ਗੱਦੀ ਦਿਵਸ ਨੂੰ ਮੁੱਖ ਰਖਦੇ ਹੋਏ, ਸਭਾ ਨੇ ਇਕ 'ਸੰਯੁਕਤ ਕਾਵਿ ਸੰਗ੍ਰਹਿ' ਪ੍ਰਕਾਸ਼ਿਤ ਕਰ ਸੰਗਤਾਂ ਵਿਚ ਵਿਤਰਿਤ ਕਰਨ ਦਾ ਮੰਨ ਬਣਾਇਆ ਹੈ। ਇਸ ਕਾਵਿ ਸੰਗ੍ਰਹਿ ਵਿਚ ਲਖਨਊ ਦੇ ਕੁਝ ਸਥਾਪਤ ਪੰਜਾਬੀ ਕਵੀਆਂ ਤੋਂ ਛੁਟ, ਕੁਝ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਹੀ ਪੰਜਾਬੀ ਨ ਜਾਣਨ ਵਾਲਿਆਂ ਲਈ ੧੫-੨੦ ਪੰਨੇ ਹਿੰਦੀ ਕਵਿਤਾਵਾਂ ਲਈ ਵੀ ਰੱਖੇ ਗਏ ਹਨ, ਸੋ ਪੂਰੀ ਪੁਸਤਕ ਤਿੰਨ ਭਾਗਾਂ ਵਿਚ ਪੇਸ਼ ਕੀਤੀ ਜਾ ਰਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਦੋ-ਤਿੰਨ ਸਮੱਸਿਆਵਾਂ ਤੋਂ ਛੁੱਟ ਹਰੇਕ ਕਵੀ ਦੀਆਂ ਇਕ-ਦੋ ਕਵਿਤਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਯਾ ਗੁਰਬਾਣੀ ਨਾਲ ਸਬੰਧਤ ਹਨ। ਇਕ-ਇਕ ਕਵਿਤਾ ਭਗਤਾਂ ਯਾ ਗੁਰੂ ਗ੍ਰੰਥ ਸਾਹਿਬ ਨਾਲ ਹੋਰ ਕਿਸੇ ਵੀ ਢੰਗ ਨਾਲ ਸੰਬਧਤ ਹੈ, ਤਤਪਸ਼ਚਾਤ ਇਕ ਯਾ ਦੋ ਕਵਿਤਾ ਕਿਸੇ ਵੀ ਹੋਰ ਵਿਸ਼ੇ ਨਾਲ ਸੰਬਧਤ ਹਨ। ਨਵੀਆਂ ਕਲਮਾਂ ਯਾ ਹਿੰਦੀ ਭਾਗ ਲਈ ਕੋਈ ਬੰਦਿਸ਼ ਨਹੀਂ ਰੱਖੀ ਗਈ ਹੈ।

ਵਿਸ਼ੇਸ਼ ਧੰਨਵਾਦ : ਪੁਸਤਕ ਦੀ ਛਪਾਈ ਲਈ ਉਤਰ ਪ੍ਰਦੇਸ਼ ਪੰਜਾਬੀ ਅਕੈਡਮੀ, ਲਖਨਊ ਵੱਲੋਂ ਸਹਿਯੋਗ ਕੀਤਾ ਗਿਆ ਹੈ, ਜਿਸ ਦੇ ਲਈ ਅਕੈਡਮੀ ਦੇ ਵਾਇਸ ਚੇਅਰਮੈਨ ਸ੦ ਰਾਜਿੰਦਰ ਸਿੰਘ ਬੱਗਾ ਜੀ ਦਾ ਖ਼ਾਸ ਤੌਰ ਤੇ ਸਭਾ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ।

- ਤ੍ਰਿਲੋਚਨ ਸਿੰਘ 'ਚੰਨ' ਲਖਨਵੀ

ਭਾਗ - ਪਹਿਲਾ

ਤ੍ਰਿਲੋਚਨ ਸਿੰਘ 'ਚੰਨ'

❄ ✳ ❄

ਨਰਿੰਦਰ ਸਿੰਘ 'ਗੁਲਸ਼ਨ'

❄ ✳ ❄

ਚਰਨਜੀਵ ਸਿੰਘ 'ਰੰਗੀਲਾ'

❄ ✳ ❄

ਮਨਮੋਹਨ ਸਿੰਘ

❄ ✳ ❄

ਹਰਮਹਿੰਦਰ ਸਿੰਘ 'ਦੀਵਾਨਾ'

❄ ✳ ❄

ਪਰਿਚੈ - 'ਚੰਨ' ਲਖਨਵੀ

ਨਾਮ	ਤ੍ਰਿਲੋਚਨ ਸਿੰਘ 'ਚੰਨ' ਲਖਨਵੀ
ਜਨਮ	8.01.1940, ਕਹੂਟਾ, ਜ਼ਿਲਾ ਰਾਵਲਪਿੰਡੀ, ਪਾਕਿਸਤਾਨ
ਸ਼ਿਕਸ਼ਾ	ਬੀ.ਕਾਮ (ਲਖਨਊ ਯੂਨੀਵਰਸਿਟੀ)
ਕਿਤਾ	ਰਿ० ਐ.ਐਕਾਉਂਟਸ ਆਫ਼ੀਸਰ ਬੋਰਡ ਆਫ਼ ਰੈਵਨਿਊ, ਉ०ਪ੍ਰ०
ਸਥਾਈ ਪਤਾ	551ੜ/56(28), ਰਾਮਨਗਰ, ਆਲਮਬਾਗ, ਲਖਨਊ ਫੋਨ (0522) 2454287 ਮੋ० 9415469266
ਪ੍ਰਕਾਸ਼ਿਤ ਪੁਸਤਕਾਂ	• 1982 ਵਿਚ ਪੰਜਾਬੀ ਕਾਵਿ ਸੰਗ੍ਰਹਿ '**ਤਿੰਨ ਛੋਹਾਂ ਤਿੰਨ ਰੰਗ**' • 2000 ਵਿਚ, ਹਿੰਦੀ-ਉਰਦੂ-ਪੰਜਾਬੀ (ਤ੍ਰਿਭਾਸ਼ੀ ਕਾਵਿ ਸੰਗ੍ਰਹਿ) '**ਤ੍ਰਿਵੇਣੀ**' • 2008 **ਡਾ० ਭੀਮਰਾਵ ਅੰਬੇਡਕਰ (ਸੰਸਮਰਣ)**
ਸਹਿਯੋਗੀ ਕਵੀ	• '**ਚੇਤਨਾ ਕੇ ਗੀਤ**' (ਚੇਤਨਾ ਸਾਹਿਤ ਪਰਿਸ਼ਦ ਲਖਨਊ) • '**ਕਾਵਯਾਕਾਸ਼**' (ਨਵੋਦਿਤ ਸਾਹਿਤਕਾਰ ਪਰਿਸ਼ਦ ਲਖਨਊ) • **ਪ੍ਰਤਿਸ਼ਠਾ ਸਾਹਿਤਿਕ ਸੰਸਥਾਨ, ਲਖਨਊ** - '**ਕਵਿਤਾ ਬਦਲਤੇ ਸੰਧਰਭ**' - '**ਹਸਤ ਲਿਪੀ ਐਵ ਹਸਤਾਕਸ਼ਰ**' - '**ਢਾਈ ਅੱਖਰ**'
ਸਨਮਾਨ	ਚੇਤਨਾ ਸਾਹਿਤ ਪਰਿਸ਼ਦ, ਲਖਨਊ ਵੱਲੋਂ '**ਚੇਤਨਾ ਰਤਨ**' ਦੀ ਉਪਾਧੀ ਨਾਲ ਸਨਮਾਨਤ

"ਹੋਇਆ ਪ੍ਰਕਾਸ਼ ਜਾਂ ਬਾਣੀ ਦਾ
ਜਗ ਚਾਨਣ ਚਾਨਣ ਹੋਇਆ ਏ"

ਇਹ ਧੁਰਦਰਗਾਹੀ ਨਗ਼ਮਾ ਏ, ਗੁਰ ਨਾਨਕ ਜਿਸ ਨੂੰ ਛੋਹਿਆ ਏ ।
ਗੁਰੂ ਅੰਗਦ ਜੀ ਇਸਦੇ ਤਾਈ, ਇਕ ਹਾਰ ਦੇ ਵਿਚ ਪ੍ਰੋਇਆ ਏ ।
ਗੁਰੂ ਅਮਰਦਾਸ ਰਾਮ ਦਾਸ ਗੁਰੂ, ਤੰਨ ਮੰਨ ਬਾਣੀ 'ਚ ਸਮੋਇਆ ਏ ।
ਤਾਂਹੀਓ ਅੰਮ੍ਰਿਤ ਬਾਣੀ ਦੁਖੀਆਂ ਨੂੰ, ਕਰ ਛੱਡਿਆ ਨਵਾਂ ਨਰੋਇਆ ਏ ।

ਧੰਨ ਗੁਰੂ ਅਰਜਨ ਜਿਨ੍ਹਾਂ ਬੀੜ ਰਚੀ
ਤੇ ਇਕ ਇਕ ਅੱਖਰ ਟੋਹਿਆ ਏ ।
ਹੋਇਆ ਪ੍ਰਕਾਸ਼ ਜਾਂ ਬਾਣੀ ਦਾ -
ਜਗ ਚਾਨਣ ਚਾਨਣ ਹੋਇਆ ਏ ॥

ਇਸ ਬਾਣੀ ਤਾਰੇ ਨੇ ਇਤਨੇ, ਜਿਤਨੇ ਆਕਾਸ਼ 'ਚ ਤਾਰੇ ਨੇ ।
ਹਿੰਦੂ, ਸਿੱਖ, ਮੋਮਨ, ਊਚ ਨੀਚ ਇਹਦੀ ਉਸਤਤ ਕਰਦੇ ਸਾਰੇ ਨੇ ।
ਜਿਨਾ ਭੇਦ ਪਾ ਲਿਆ ਬਾਣੀ ਦਾ, ਉਨਾ ਤੰਨ ਮੰਨ ਆਪਣੇ ਵਾਰੇ ਨੇ ।
ਇਹ ਵੱਸ ਗਈ ਜਿਨ੍ਹਾਂ ਦੇ ਅੰਤਰ ਵਿਚ, ਉਨਾ ਸਿਰ ਚਲਵਾ ਲਏ ਆਰੇ ਨੇ ।

ਅਗਿਆਨ ਤੇ ਕੂੜ ਦੇ ਬੇੜੇ ਨੂੰ
ਗਹਿਰੇ ਸਾਗਰ 'ਚ ਡੁਬੋਇਆ ਏ ।
ਹੋਇਆ ਪ੍ਰਕਾਸ਼ ਜਾਂ ਬਾਣੀ ਦਾ -
ਜਗ ਚਾਨਣ ਚਾਨਣ ਹੋਇਆ ਏ ॥

ਦੁਨੀਆਂ ਦੇ ਭੁਲੇ ਲੋਕਾਂ ਨੂੰ, ਇਹ ਬਾਣੀ ਰਾਹ ਵਿਖਾਂਦੀ ਏ ।
ਅਗਿਆਨ ਦੀ ਕਾਲਖ ਮੇਟਣ ਲਈ, ਸੋਝੀ ਦਾ ਦੀਪ ਜਗਾਂਦੀ ਏ ।
ਮਾਇਆ ਦੇ ਚਕਰਾਂ ਚੋਂ ਕੱਢ ਕੇ, 'ਉਸ' ਸੱਚੇ ਤਾਂਈ ਮਿਲਾਂਦੀ ਏ ।
ਜਿਸ 'ਸੱਚੇ' ਨੂੰ ਪਾਵਨ ਵਾਲੇ ਦੀ, ਸਭ ਤ੍ਰਿਸ਼ਨਾ ਭੁਖ ਲਹਿ ਜਾਂਦੀ ਏ ।

ਗੁਰੂ ਬਾਝੋਂ ਜਗਤ ਹਨੇਰੇ ਦੀ
ਇਕ ਚਾਦਰ ਤਾਂਣ ਖਲੋਇਆ ਏ ।
ਹੋਇਆ ਪ੍ਰਕਾਸ਼ ਜਾਂ ਬਾਣੀ ਦਾ -
ਜਗ ਚਾਨਣ ਚਾਨਣ ਹੋਇਆ ਏ ॥

ਦੁਨੀਆਂ ਦੀ ਚਿੰਤ ਮਿਟਾਵਣ ਨੂੰ, ਇਹ ਧੁਰ ਦਰਗਾਹੋਂ ਆਈ ਏ ।
ਰਾਗਾਂ ਵਿਚ ਗੁਰਾਂ ਨੇ ਰੱਚ ਕੇ ਤੇ, ਹਰ ਰਮਜ਼ ਖੋਲ ਸਮਝਾਈ ਏ ।
ਇਨੂੰ ਜਿਨ੍ਹਾਂ ਵਸਾਇਆ ਮੰਨ ਅੰਦਰ, ਉਨ੍ਹਾਂ ਦਾਤ ਅਜਿਹੀ ਪਾਈ ਏ ।
ਜਿਨੂੰ ਪਾ ਕੇ ਧੁਰ ਦਰਗਾਹਾਂ ਤਕ, ਹੋ ਜਾਂਦੀ ਸਿਧੀ ਰਸਾਈ ਏ ।

ਉਂਝ ਸਮਝ ਨ ਆਉਂਦੀ ਸੀ ਜਗ ਨੂੰ
ਕਿਥੇ ਟਿਬਾ ਕਿਸ ਥਾਂ ਟੋਇਆ ਏ ।
ਹੋਇਆ ਪ੍ਰਕਾਸ਼ ਜਾਂ ਬਾਣੀ ਦਾ -
ਜਗ ਚਾਨਣ ਚਾਨਣ ਹੋਇਆ ਏ ॥

ਸਭ ਤੋਂ ਪਹਿਲੋਂ ਜਪੁ ਜੀ ਸਾਹਿਬ, ਗੁਰੂ ਗ੍ਰੰਥ ਦਾ ਜੋ ਕਿ ਸਾਰ ਵੀ ਏ ।
ਰਹਰਾਸਿ ਸੋਹਿਲਾ ਬਾਰਾਮਾਹ, ਆਸਾ ਦੀ ਇਸ ਵਿਚ ਵਾਰ ਵੀ ਏ ।
ਸੁਖਮਨੀ ਸੁਖਾਂ ਦੀ ਖਾਨ ਹੈ ਜੋ, ਆਨੰਦ ਦਾ ਇਕ ਭੰਡਾਰ ਵੀ ਏ ।
ਨੇ ਜੀਵਨ ਜੁਗਤੀ ਦੇ ਸਲੋਕ, ਪ੍ਰਭੂ ਪਾਣ ਦਾ ਜੋ ਆਧਾਰ ਵੀ ਏ ।

ਆਧਾਰ ਦੇ ਬਾਝੋਂ 'ਚੰਨ' ਤਾਂਈ
ਅੰਧਿਆਰੇ ਪਕੜ ਲਕੋਇਆ ਏ ।
ਹੋਇਆ ਪ੍ਰਕਾਸ਼ ਜਾਂ ਬਾਣੀ ਦਾ -
ਜਗ ਚਾਨਣ ਚਾਨਣ ਹੋਇਆ ਏ ॥

❄ ❄ ❄ ❄ ❄

ਅਰਦਾਸ

ਜੈ ਜੈ ਕਾਰ ਹਰ ਪਾਸੇ ਸੀ ਹੋਣ ਲਗੀ, ਅਰਜਨ ਗੁਰੂਜਦ ਗ੍ਰੰਥ ਤਿਆਰ ਕੀਤਾ ।
ਸਾਰੇ ਧਰਮਾਂ ਨੂੰ ਸਾਂਝਾ ਉਪਦੇਸ਼ ਕੇ ਦੇ, ਰੱਬੀ ਭਗਤਾਂ ਦਾ ਪੂਰਾ ਸਤਿਕਾਰ ਕੀਤਾ ।
ਮੀਲ ਪੱਥਰ ਜਿਹੇ ਦ੍ਰਿੜ ਵਿਸ਼ਵਾਸ ਵਾਲੀ, ਇਲਾਹੀ ਬਾਣੀ ਨੂੰ ਕੇਵਲ ਸ੍ਵੀਕਾਰ ਕੀਤਾ ।
ਨਹੀਂ ਸੀ ਜਿਨ੍ਹਾ ਦੀ ਕੋਈ ਵੀ ਵਾਤ ਪੁਛਦਾ, ਉਨਾਂ ਨੀਵਿਆਂ ਤਾਈ ਇਕਸਾਰ ਕੀਤਾ ।

ਕੌਣ ਹੈ ਜਿਦੇ ਮਿਟੇ ਨ ਸ਼ੁਭਾ ਸ਼ੰਕੇ
ਗੁਰੂ ਗ੍ਰੰਥ ਪਾਸ ਆਇਆ ਜੋ ਆਸ ਲੈ ਕੇ ॥
ਰੱਬੀ ਨੂੰਰ ਦੀ ਝਲਕ ਵੀ ਪਾਉਣ 'ਚੰਨ' ਉਹ
ਸੱਚੇ ਦਿਲੋਂ ਜੋ ਕਰਨ ਅਰਦਾਸ ਆ ਕੇ ॥

ਬਾਣੀ ਜਿਨ੍ਹਾਂ ਦੀ ਗੁਰਾਂ ਪਰਵਾਨ ਕੀਤੀ

ਪੰਜਵੇਂ ਨਾਨਕ ਨੇ ਬਾਣੀ ਨੂੰ ਕਰ ਕੱਠਿਆਂ, ਮਾਨਵ ਮਾਤ੍ਰ ਤੇ ਕਿਰਪਾ ਮਹਾਨ ਕੀਤੀ ।
ਜਲਦੇ ਜਗਤ ਦੇ ਸੜ ਰਹੇ ਮਨਾਂ ਤਾਂਈ, ਰੱਬੀ ਨਾਮ ਦੀ ਠੰਡਕ ਪਰਦਾਨ ਕੀਤਾ ।
ਘੁਪ ਹਨੇਰਾ ਸੀ ਛਾ ਰਿਹਾ ਹਰ ਪਾਸੇ, ਜ਼ਹਿਨੀ ਰੌਸ਼ਨੀ ਵਿੱਚ ਜਹਾਨ ਕੀਤੀ ।
ਉਚ ਨੀਚ ਦਾ ਭੇਦ ਮਿਟਾ ਕੇ ਤੇ, ਦ੍ਰਿਸ਼ਟੀ ਮੇਹਰ ਦੀ ਇਕੋ ਸਮਾਨ ਕੀਤੀ ।

ਵੱਖਰੇ ਵੱਖਰੇ ਅਪਨਾ ਕੇ ਢੰਗ ਭਗਤਾਂ
ਰੱਬ ਨੂੰ ਪਾਉਣ ਦੀ ਜੁਗਤ ਬਿਆਨ ਕੀਤੀ ।
ਗੁਰੂ ਰੂਪ ਪਰ ਭਗਤ ਜਨ ਹੋਏ ਉਹਿਓ -
ਬਾਣੀ ਜਿਨ੍ਹਾਂ ਦੀ ਗੁਰਾਂ ਪਰਵਾਨ ਕੀਤੀ ॥

ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ, ਭੇਦ ਕੋਈ ਕੋਈ ਇਸਦਾ ਹੈ ਪਾ ਸਕਿਆ ।
ਆਪਾ ਛੱਡ ਕੇ ਸੇਵਿਆ ਰੱਬ ਜਿਨ੍ਹਾਂ, ਉਹੋ ਨੇੜੇ ਇਸ ਮਾਰਗ ਦੇ ਆ ਸਕਿਆ ।
ਅਪਣੇ ਆਪ ਨੂੰ ਹੋਰਾਂ ਲਈ ਕਰ ਅਰਪਨ, ਆਪਣੀ 'ਮੈਂ' ਨੂੰ ਜੇੜ੍ਹਾ ਮਿਟਾ ਸਕਿਆ ।
ਸੱਚਾ ਭਗਤ ਉਹ ਜੱਗ ਵਿਚ ਗਿਆ ਗਿਣਿਆ, ਉਹੋ ਰੱਬੀ ਦਰਗਾਹ ਤਕ ਜਾ ਸਕਿਆ

ਵਿਵਿਧ ਰੂਪਾਂ ਦਾ ਉਸ ਦੇ ਕਰ ਵਰਨਨ
ਉਚੀ ਅਪਣੀ ਵੀ ਕਈਆਂ ਨੇ ਸ਼ਾਨ ਕੀਤੀ ।
ਗੁਰੂ ਰੂਪ ਪਰ ਭਗਤ ਜਨ ਹੋਏ ਉਹਿਓ
ਬਾਣੀ ਜਿਨ੍ਹਾਂ ਦੀ ਗੁਰਾਂ ਪਰਵਾਨ ਕੀਤੀ ॥

ਨਾਮਦੇਵ, ਧੰਨਾ, ਸਦਨਾ, ਸੈਨ, ਪੀਪਾ, ਕਬੀਰ, ਫਰੀਦ ਦੀ ਬਾਣੀ ਜੱਗ ਤਾਰਿਆ ਏ ।
ਰਵਿਦਾਸ, ਤ੍ਰਿਲੋਚਨ, ਭੀਖਾ, ਪਰਮਾਨੰਦ, ਰਾਮਾ, ਸਭ ਨੇ ਇਕੋ ਦਾ ਨਾਮ ਵਿਸਤਾਰਿਆ ਏ
ਇਕੋ ਜੋਤ ਅਕਾਲ ਦੀ ਹੈ ਹਰ ਥਾਂ ਸਾਰੀ ਸ੍ਰਿਸ਼ਟੀ ਨੂੰ ਜਿਨ੍ਹੇ ਸਵਾਰਿਆ ਏ ।
ਸਹਿਜ ਮਾਰਗ ਦੇ ਧਾਰਨੀ ਹੋਏ ਜੋ ਜੋ, ਚਿੰਤਾ ਦੁਖ ਸਭ ਉਨ੍ਹਾਂ ਵਿਸਾਰਿਆ ਏ ।

ਨਿਸ਼ਾਨਾ ਇਕੋ ਰੱਖ ਹਰ ਇਕ ਭਗਤ ਨੇ 'ਚੰਨ'
ਵੱਖ ਵੱਖ ਬੋਲੀ ਪਰ ਇਕੋ ਜ਼ੁਬਾਨ ਕੀਤੀ ।
ਗੁਰੂ ਰੂਪ ਪਰ ਭਗਤ ਜਨ ਹੋਏ ਉਹਿਓ
ਬਾਣੀ ਜਿਨ੍ਹਾਂ ਦੀ ਗੁਰਾਂ ਪਰਵਾਨ ਕੀਤੀ ॥

ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ

ਗੁਰ ਨਾਨਕ ਨੇ ਪੁਰਖ ਅਕਾਲ ਪਾਸੋਂ,
ਜਗ ਨੂੰ ਤਾਰਨ ਦੀ ਜੋ ਜੋ ਜੁਗਤ ਜਾਣੀ ।
ਉਸ ਜੁਗਤ ਨੂੰ ਘਰ ਘਰ ਪਹੁੰਚਾਣ ਖਾਤਰ,
ਰਚੀ ਆਪ ਗੁਰੂ ਨਾਨਕ ਨੇ ਰਬੀ ਬਾਣੀ ॥
ਉਸਤਤ ਹਰ ਦਮ ਉਸ ਦੀ ਕਰਨ ਖਾਤਰ,
ਕਿਸ ਤਰ੍ਹਾਂ ਪੜਨੀ ਤੇ ਕਿਸ ਤਰ੍ਹਾਂ ਹੈ ਗਾਣੀ ।
ਨਾਲੇ ਇਹ ਵੀ ਦੱਸਿਆ ਕੇਹੜੇ ਘਰ ਵਿਚ,
ਵਾਰ ਵਾਰ ਕੇਹੜੀ ਤੁਕ ਹੈ ਦੋਹਰਾਣੀ ॥
ਗੁਰੂ ਨਾਨਕ ਤੋਂ ਨੌਵੇਂ ਪਾਤਸ਼ਾਹ ਤਕ -
ਰੱਬੀ ਬਾਣੀ ਗਈ ਇਸ ਤਰ੍ਹਾਂ ਪਹਿਚਾਣੀ ।
ਕਿ, ਦਸਮ ਪਿਤਾ ਗੁਰਿਆਈ ਬਖ਼ਸ਼ ਕਿਹਾ ਸਭ ਨੂੰ
ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ ॥

❊ ❊ ❊ ❊ ❊

ਪੋਥੀ ਸਾਹਿਬ ਤੋਂ ਵੱਡੇ ਆਕਾਰ ਵਾਲੇ,
ਮਹਾਨ ਗ੍ਰੰਥ ਵਿਚ ਕੇਵਲ ਨਹੀਂ ਗੁਰੂ ਵੱਸਦੇ ।
ਸਮਾਨ ਦ੍ਰਿਸ਼ਟਾ ਗੁਰਸਿੱਖ, ਭਟ, ਭਗਤ, ਜਨ ਵੀ,
ਵੱਖ ਵੱਖ ਰਾਹੀ ਪਰ ਇਕੋ ਦਾ ਪਤਾ ਦੱਸਦੇ ।
ਇਕ ਅਕਾਲ ਦੀ ਸ੍ਰਿਸ਼ਟੀ ਹੈ ਜਿਸ ਅੰਦਰ
ਸੂਰਜ, ਚੰਦ ਗ੍ਰਹਿ ਰਾਤ ਦਿਨ ਰਹਿਣ ਨੱਸਦੇ ।
ਜੀਵ, ਜੰਤ, ਮਾਨਵ, ਜੁੜ੍ਹ, ਮੂਲ ਚੇਤਨ,
ਉਸ ਦੀ ਰਜ਼ਾ ਵਿਚ ਵਿਲਕਣ ਯਾ ਰਹਿਣ ਹੱਸਦੇ ।
ਮਾਨਵ ਮਾਨਵ ਵਿਚ ਭੇਦ ਮਿਟਾ ਕੇ ਤੇ,
ਵਹਿਮਾਂ ਭਰਮਾਂ ਦੀ ਸਦਾ ਲਈ ਢਾ ਢਾਣੀ ।
ਭੁਲੇ ਭਟਕਿਆਂ ਤਾਂਈ ਜਿਨ੍ਹੇ ਸੇਧ ਬਖ਼ਸ਼ੀ -
ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ ॥

❊ ❊ ❊ ❊ ❊

ਇਕ ਅਕਾਲ ਦੀ ਸਿਫਤ ਸਲਾਹ ਵਾਲੇ,
ਇਹ ਤਾਂ ਗ੍ਰੰਥ ਹੈ ਉਨ੍ਹਾਂ ਸਚਿਆਰਿਆਂ ਦਾ ।
ਹੈ ਭੀ ਸੱਚ ਤੇ ਹੋਸੀ ਭੀ ਸੱਚ ਵਾਲੇ,
ਜੱਗ ਚ ਰਹਿੰਦੇ ਹੋਏ ਜਗੋਂ ਨਿਆਰਿਆਂ ਦਾ ।
ਕਿਸੇ ਨਾਲ ਨ ਜਾਣਨ ਜੋ ਭੇਦ ਕਰਨਾ,
ਭਲਾ ਚਾਹਵਣ ਜੋ ਰੱਬ ਦੇ ਪਿਆਰਿਆਂ ਦਾ ।
ਹਿੰਦੂ ਸਿੱਖ ਤੇ ਮੋਮਨ ਹੀ ਨਹੀਂ ਕੇਵਲ,
ਇਹ ਤਾਂ ਗ੍ਰੰਥ ਹੈ ਆਦਿ ਤੋਂ ਸਾਰਿਆਂ ਦਾ ।
ਜਗਤ ਜਲੰਦੇ ਤੋਂ ਜ਼ਰਾ ਕੁ ਹੋ ਲਾਂਬੇ
ਜਿਨ੍ਹੇ ਜਦੋਂ ਵੀ ਇਸ ਦੀ ਛਾਂ ਮਾਣੀ ।
ਆਪ ਮੁਹਾਰੇ ਹੀ 'ਚੰਨ' ਉਹ ਕਹਿ ਉਠਣ ,
ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ ॥

ਗੁਰੂ ਗ੍ਰੰਥ ਨੇ ਨ੍ਹੇਰੇ ਸਭ ਦੂਰ ਕੀਤੇ

ਰੱਬ ਤੋਂ ਛੂਟ ਨਹੀਂ ਕੋਈ ਵੀ ਕਰ ਸਕਦਾ,
ਕਾਰਜ ਜੋ ਜੋ ਨਾਨਕ ਹਜ਼ੂਰੀ ਕੀਤੇ ॥
ਦੂਜੇ ਤੀਜੇ ਤੇ ਚੌਥੇ ਪਾਤਸ਼ਾਹ ਵੀ,
ਸੇਵਾ ਸਿਮਰਨ ਲਈ ਜਤਨ ਭਰਪੂਰ ਕੀਤੇ ॥
ਅਰਜਨ ਗੁਰੂ ਨੇ ਬਾਣੀ ਨੂੰ ਕਰ ਕੱਠਿਆਂ,
ਇਕ ਇਕ ਅੱਖਰ ਚੋਂ ਪੈਦਾ ਕੋਹ-ਨੂਰ ਕੀਤੇ ॥
ਜਿਨ੍ਹਾ ਸਮਝੀ, ਤੇ ਜੀਵੀ ਇਹ ਬਾਣੀ ਉਨਾ,
ਹਿਰਦੇ ਸਭਨਾ ਦੇ ਹੀ ਨੂਰੋ-ਨੂਰ ਕੀਤੇ ॥
ਕਰਮ ਕਾਂਡੀ, ਭਰਮੀ, ਊਚ ਨੀਚ ਵਾਲੇ,
ਕਿਲ੍ਹੇ ਢਾ ਕੇ ਸਦਾ ਲਈ ਚੂਰ ਕੀਤੇ ।
ਸਾਫ ਸੁਥਰਾ ਜਿਹਾ 'ਚੰਨ' ਵਾਤਾਵਰਨ ਦੇ ਕੇ -
ਗੁਰੂ ਗ੍ਰੰਥ ਨੇ ਨ੍ਹੇਰੇ ਸਭ ਦੂਰ ਕੀਤੇ ॥

ਖੋਜੀ ਤਰਸਨ ਇਕ ਅੰਮ੍ਰਿਤ ਦੀ ਬੂੰਦ ਤਾਂਈ
ਗੁਰਾਂ ਦੁਨੀਆਂ ਨੂੰ ਅੰਮ੍ਰਿਤ ਦਾ ਸਰ ਦਿੱਤਾ

ਇਹੋ ਜਿਹਾ ਨਹੀਂ ਦੁਨੀਆਂ ਤੇ ਘਰ ਦੂਜਾ,
ਜਿਹੋ ਜਿਹਾ ਹੈ ਸਿਫਤੀ ਦਾ ਘਰ ਦਿੱਤਾ ।
ਦੇਵੀ ਦੇਵਤੇ ਜਿੱਥੇ ਆ ਕਰਨ ਸੱਜਦੇ,
ਚੋਹਾਂ ਵਰਨਾਂ ਨੂੰ ਇਹੋ ਜਿਹਾ ਦਰ ਦਿੱਤਾ ।
ਸ੍ਰੀ ਹਰਿਮੰਦਰ ਦਾ ਸਾਨੀ ਨਹੀਂ ਜੱਗ ਅੰਦਰ,
ਪਤਾ ਨਹੀਂ ਕਿਹਾ ਜਾਦੂ ਹੈ ਭਰ ਦਿੱਤਾ ।
ਜਿੱਥੇ ਪਹੁੰਚ ਕੇ ਦੁਖੜੇ ਸਭ ਭੁਲ ਜਾਵਨ,
ਗੁਰਾਂ ਇਹੋ ਜਿਹਾ ਸੋਹਣਾ ਕੋਈ ਵਰ ਦਿੱਤਾ ।
ਸਵਰਗੋਂ ਵੱਧ ਕੇ ਜਲਵਾ ਹੈ ਜਿਸ ਥਾਂ ਦਾ,
ਹਰਿ ਜਸ ਗਾਇਨ ਜਿਨ੍ਹੂੰ ਅਮਰ ਕਰ ਦਿੱਤਾ ।
ਖੋਜੀ ਤਰਸਨ ਇਕ ਅੰਮ੍ਰਿਤ ਦੀ ਬੂੰਦ ਤਾਂਈ ।
ਗੁਰਾਂ ਦੁਨੀਆਂ ਨੂੰ ਅੰਮ੍ਰਿਤ ਦਾ ਸਰ ਦਿੱਤਾ ।

❄ ❄ ❄ ❄ ❄

ਸਾਯਾ ਉਠ ਗਿਆ ਸੀ ਜਦੋਂ ਮਾਂ-ਪਿਆ ਦਾ,
ਉਮਰ ਛੋਟੀ ਸੀ ਹਿੰਮਤ ਪਰ ਨਹੀਂ ਹਾਰੀ ।
ਘੁੰਗਣੀਆਂ ਵੇਚ ਕੇ ਆਪ ਨਿਭਾਵਦੇਂ ਰਹੇ,
ਨਿੱਕੇ ਸੋਢਿਆਂ ਤੇ ਵੱਡੀ ਜ਼ਿੰਮੇਵਾਰੀ ।
ਤੀਜੇ ਪਾਤਸ਼ਾਹ ਦੀ ਨਜ਼ਰੇ-ਕਰਮ ਸਦਕੇ,
ਸੇਵਾ ਸਿਮਰਨ ਵਿਚ ਲਾਈ ਸੀ ਸੁਰਤ ਸਾਰੀ ।
ਥੜੇ ਬਨਾਉਣ ਵੇਲੇ ਯਾ ਫਿਰ ਢਾਉਣ ਵੇਲੇ,
ਚੁੱਕਦੇ ਰਹੇ ਸਨ ਟੋਕਰੀ ਸਦਾ ਭਾਰੀ ॥
ਕਿਰਤ ਕਰਨ ਦੀ ਪਿਰਤ ਦਾ ਨੇਕ ਫੁਰਨਾ,
ਹਰ ਇਕ ਸਿੱਖ ਦੇ ਮੰਨ ਵਿਚ ਭਰ ਦਿੱਤਾ ।
ਖੋਜੀ ਤਰਸਨ ਇਕ ਅੰਮ੍ਰਿਤ ਦੀ ਬੂੰਦ ਤਾਂਈ ।
ਗੁਰਾਂ ਦੁਨੀਆਂ ਨੂੰ ਅੰਮ੍ਰਿਤ ਦਾ ਸਰ ਦਿੱਤਾ ।

ਸ੍ਰੀ ਗੁਰੂ ਨਾਨਕ ਦੇ ਸੋਹਣੇ ਸਵਰੂਪ ਚੌਥੇ,
ਧੰਨ ਧੰਨ ਸੋਢੀ ਸੁਲਤਾਨ ਕਹਾਉਣ ਵਾਲੇ ।
ਇਕ ਲੜੀ ਵਿਚ ਗੁੰਦਣ ਲਈ ਸੇਵਕਾਂ ਨੂੰ,
ਗੁਰੂ ਚੱਕ ਨੂੰ ਆਪ ਵਸਾਉਣ ਵਾਲੇ ।
ਸੁਣਿਐ ਈਨ ਜਵਾਈ ਮਨਾਂਵਦੇ ਨੇ,
ਐ-ਪਰ ਉਲਟਾ ਹੀ ਸੇਵਾ ਕਮਾਉਣ ਵਾਲੇ ।
ਜੋ ਵੀ ਕਰੇ ਸੇਵਾ ਉਹੀ ਪਾਏ ਮੇਵਾ,
ਸਾਰੇ ਜਗ ਨੂੰ ਕਰ ਕੇ ਵਿਖਾਉਣ ਵਾਲੇ ।
ਕ੍ਰਿਸ਼ਮਾ ਅਮਰ ਸਰੋਵਰ ਦਾ ਜੱਗ ਤਕਿਆ,
ਨਵਾਂ ਨਰੋਆ ਜਾਂ ਪਿੰਗਲੇ ਨੂੰ ਕਰ ਦਿੱਤਾ ।
ਖੋਜੀ ਤਰਸਨ ਇਕ ਅੰਮ੍ਰਿਤ ਦੀ ਬੂੰਦ ਤਾਂਈ ।
ਗੁਰਾਂ ਦੁਨੀਆਂ ਨੂੰ ਅੰਮ੍ਰਿਤ ਦਾ ਸਰ ਦਿੱਤਾ ।

ਆਬਾਦ ਕਰਨ ਲਈ ਅੰਮ੍ਰਿਤਸਰ ਸ਼ਹਿਰ ਤਾਂਈ
ਦੂਰ ਦੁਰਾਡਿਓ ਸੱਦਿਆ ਵਪਾਰਿਆਂ ਨੂੰ ।
ਸੱਚੇ ਸੌਦੇ ਦਾ ਕਰ ਕੇ ਧਿਆਨ ਸੱਦਿਆ,
ਸੱਚੀ ਵਣਜ ਲਈ ਸੱਚੇ ਵਣਜਾਰਿਆ ਨੂੰ ।
ਗ਼ਰੀਬ ਗੁਰਬਿਆਂ ਤਾਈ ਵੀ ਥਾਂ ਬਖ਼ਸ਼ੀ,
ਦਿੱਤਾ ਆਸਰਾ ਵੀ ਬੇਸਹਾਰਿਆਂ ਨੂੰ ।
ਕਿਰਤੀ, ਕਾਮੇ, ਸਹੁਕਾਰ, ਗੁਰਸਿੱਖ ਨਾਲੇ
ਕਾਰ ਸੇਵਾ ਲਈ ਗੁਰੂ ਦੁਲਾਰਿਆਂ ਨੂੰ ।
ਲੋਕੀ ਭਟਕਣ ਕਿਉਂ ਖਾਹਮੁਖਾਹ ਕਿਧਰੇ,
ਸ਼ਹਿਰ ਦਾ ਨਾਮ ਹੀ ਅੰਮ੍ਰਿਤਸਰ ਧਰ ਦਿੱਤਾ ।
ਖੋਜੀ ਤਰਸਨ ਇਕ ਅੰਮ੍ਰਿਤ ਦੀ ਬੂੰਦ ਤਾਂਹੀ ।
ਗੁਰਾਂ ਦੁਨੀਆਂ ਨੂੰ ਅੰਮ੍ਰਿਤ ਦਾ ਸਰ ਦਿੱਤਾ ।

ਪਰਿਚੈ - 'ਗੁਲਸ਼ਨ' ਲਖਨਵੀ

ਨਾਮ ਨਰਿੰਦਰ ਸਿੰਘ 'ਗੁਲਸ਼ਨ' ਲਖਨਵੀ

ਜਨਮ 07.06.1937, ਰਾਵਲਪਿੰਡੀ, ਪਾਕਿਸਤਾਨ

ਸ਼ਿਕਸ਼ਾ ਬੀ.ਏ (ਲਖਨਊ ਯੂਨੀਵਰਸਿਟੀ)

ਕਿਤਾ ਰਿ० ਇੰਸਪੈਕਟਰ, ਇੰਟੈਲੀਜੈਂਸ ਡਿਪਾ., ਉ०ਪ੍ਰ०

ਸਥਾਈ ਪਤਾ 551ਝ/90(43), ਰਾਮਨਗਰ, ਆਲਮਬਾਗ, ਲਖਨਊ

ਮੋਬਾਈਲ 9415111578

ਕਾਵਿ ਪਰਿਚੈ

ਮੈਂ ਇਕ ਕਵੀ ਹਾਂ ਵਖਰਾ, ਮੇਰੀ ਇਕ ਕਲਮ ਹੈ ਵਖਰੀ,
ਮੇਰੀ ਕਵਿਤਾ ਦੀ ਲੈ ਵਖਰੀ, ਓਹਦਾ ਉਨਵਾਨ ਵਖਰਾ ਏ ।
ਮੈਂ ਹੋ ਕੇ ਖ਼ੁਦੀ ਦਾ ਮਾਲਕ, ਖ਼ੁਦੀ ਨੂੰ ਰੱਬ ਮੰਨਦਾ ਹਾਂ,
ਮੈਂ ਇਕੋ ਭਗਤ ਹਾਂ ਜਿਸਦਾ, ਮੇਰਾ ਭਗਵਾਨ ਵਖਰਾ ਏ ।
ਮੇਰੇ ਇਕ ਦਿਲ ਦੀ ਦੁਨੀਆ ਏ, ਜਿੱਥੇ ਖ਼ੁਦ ਆਪ ਵਸਦਾ ਏ,
ਮੇਰੀ ਇਕ ਧਰਤ ਵਖਰੀ ਏ, ਮੇਰਾ ਅਸਮਾਨ ਵਖਰਾ ਏ ।
'ਗੁਲਸ਼ਨ' ਲਖਨਵੀ ਕਹਿੰਦੇ, ਤੇ ਖੇੜਾ ਲਖਨਊ ਮੇਰਾ,
ਮੇਰਾ ਇਕ ਗੁਲਚੀਂ ਵਖਰਾ ਏ, ਤੇ ਗੁਲਿਸਤਾਨ ਵਖਰਾ ਏ ।
ਖ਼ੋਰੇ ਹਾਂ ਨਰਾਂ ਦਾ ਇੰਦਰ, ਤਦੇ ਨਰ-ਇੰਦਰ ਕਹਿੰਦੇ ਨੇ,
ਨਰ ਦੀ ਮੇਹਰ ਵੈ ਵਖਰੀ, ਇੰਦਰ ਵਰ ਦਾਨ ਵਖਰਾ ਏ ।
ਮੈਂ ਵਾਸੀ ਰਾਮ ਨਗਰ ਦਾ, ਤੇ ਆਲਮਬਾਗ਼ ਵਸਦਾ ਹਾਂ,
ਕਾਨਪੁਰ ਰੋਡ ਤੇ ਤਿੰਨ-ਮੰਜਲਾ ਮਕਾਨ ਵਖਰਾ ਏ ।
ਵਖਰਾ ਮੈਂ ਨਹੀਂ ਯਾਰੋਂ, ਇਹ ਸਾਰਾ ਜਗ ਈ ਵਖਰਾ ਏ,
ਇਸ ਵਖਰੇ ਜਗ ਦਾ, ਹਰ ਇਕ ਇਨਸਾਨ ਵਖਰਾ ਏ ।
ਪਿੰਡੀ ਜੰਮਿਆ ਸੀ ਮੈਂ, ਓਹ ਜਨਮ ਭੂਮੀ ਵਖਰੀ ਸੀ,
ਜਿੱਥੇ ਹੁਣ ਪਹੁਚਣੈ 'ਗੁਲਸ਼ਨ', ਉਹ ਸ਼ਮਸ਼ਾਨ ਵਖਰਾ ਏ ।

ਗੁਰੂ ਬਾਣੀ

ਗੁਰ ਨਾਨਕ ਬਾਬੇ ਦੀ, ਇਹ ਅਮਰ ਕਹਾਨੀ ਏ ।
ਗੁਰੂ ਅੰਗਦ ਅਮਰ ਦੀ, ਇਹ ਅਮਰ ਨਿਸ਼ਾਨੀ ਏ ।
ਰਾਮਦਾਸ ਸਰੋਵਰ ਦਾ, ਇਹ ਅੰਮ੍ਰਿਤ ਪਾਣੀ ਏ ।
ਸੰਮਪਾਦਿਤ ਅਰਜਨ ਦੀ, ਇਹ ਅੰਮ੍ਰਿਤ ਬਾਣੀ ਏ ।
ਇਹਦੇ ਵਿਚ ਬੋਲ ਰਿਹਾ, ਗੁਰੂ ਤੇਗ਼ ਬਹਾਦਰ ਏ ।
ਦੁਖੀਆ ਮਜ਼ਲੂਮਾਂ ਲਈ, ਜੋ ਹਿੰਦ ਦੀ ਚਾਦਰ ਏ ।
ਗੋਬਿੰਦ ਗੁਰੂ ਦੱਸਿਆ, ਇਹਦਾ ਕਰਨਾ ਆਦਰ ਏ ।
ਕਾਦਰ ਦੀ ਬਾਣੀ ਏ, ਬਾਣੀ ਹੀ ਕਾਦਰ ਏ ।
ਕਾਦਰ ਨੇ ਬਾਣੀ ਨੂੰ ਜਿਹਾ ਰੱਬੀ ਵਰ ਦਿਤਾ ।
ਗੁਰੂਆਂ ਨੇ ਬਾਣੀ ਵਿਚ, ਜਿਹਾ ਜਾਦੂ ਭਰ ਦਿੱਤਾ ।
ਭੱਟਾਂ ਤੇ ਭਗਤਾਂ ਨੂੰ, ਇਹਨੇ ਰੱਬੀ ਦਰ ਦਿੱਤਾ ।
ਮਹਾਂਪੁਰਸ਼ਾਂ, ਸੰਤਾਂ ਨੂੰ, ਇਹਨੇ ਅਮਰ ਕਰ ਦਿੱਤਾ ।
ਇਹ ਫਰੀਦ ਦੀ ਬਾਣੀ ਏ, ਜੈ ਦੇਵ ਦੀ ਬਾਣੀ ਏ ।
ਤ੍ਰਿਲੋਚਨ ਦੀ ਬਾਣੀ ਏ, ਨਾਮ ਦੇਵ ਦੀ ਬਾਣੀ ਏ ।
ਕਬੀਰ ਦੀ ਬਾਣੀ ਏ, ਰਵਿਦਾਸ ਦੀ ਬਾਣੀ ਏ ।
ਸਦਨੇ ਦੀ ਬਾਣੀ ਏ, ਸੂਰਦਾਸ ਦੀ ਬਾਣੀ ਏ ।
ਪੀਪੇ ਦੀ ਬਾਣੀ ਏ, ਪਰਮਾਨੰਦ ਦੀ ਬਾਣੀ ਏ ।
ਭੀਖਨ ਦੀ ਬਾਣੀ ਏ, ਰਾਮਾ ਨੰਦ ਦੀ ਬਾਣੀ ਏ ।
ਬੇਣੀ ਦੀ ਬਾਣੀ ਏ, ਸੈਣੇ ਦੀ ਬਾਣੀ ਏ ।
ਧੰਨੇ ਦੇ ਆਰਤੇ ਦੀ, ਕਿਆ ਖ਼ੂਬ ਕਹਾਣੀ ਏ ।
ਮਹਾਂ ਪੁਰਸ਼ਾ ਦੀ ਬਾਣੀ, ਭੱਟਾ ਦੀ ਬਾਣੀ ਏ ।
ਸਮਾਜ ਤੇ ਲੱਗੇ ਹੋਏ, ਫੱਟਾਂ ਦੀ ਬਾਣੀ ਏ ।
ਸਤੇ ਡੂਮ ਤੇ ਰਾਏ, ਬਲਵੰਡ ਦੀ ਬਾਣੀ ਏ ।
ਖੰਡ ਮੰਡਲ ਦੀ ਬਾਣੀ, ਵਰਭੰਡ ਦੀ ਬਾਣੀ ਏ ।
ਸੁੰਦਰ ਦਾਸ, ਮਰਦਾਨੇ ਤੇ, ਇਹ ਸਲ੍ਹ ਦੀ ਬਾਣੀ ਏ ।
ਕਲਸ ਹਾਰ, ਜਾਲਪ ਤੇ, ਇਹ ਨਲ੍ਹ ਦੀ ਬਾਣੀ ਏ ।

ਕੀਰਤ, ਭਿਖਾ ਤੇ, ਇਹ ਭਲ੍ਹ ਦੀ ਬਾਣੀ ਏ ।
ਹਰਬੰਸ, ਗਯੰਦ, ਮਥੁਰਾ ਤੇ ਬਲ੍ਹ ਦੀ ਬਾਣੀ ਏ ।
ਆਰਤੀ ਅਲਾਹਣੀਆਂ ਆਨੰਦ ਜ਼ਰਾ ਵੇਖੋ ।
ਅੰਜਲੀ, ਅਸ਼ਟਪਦੀ, ਕਲਮ ਬੰਦ ਜ਼ਰਾ ਵੇਖੋ ।
ਸੋਦਰੁ, ਸੋਪੁਰਖ, ਸੋਹਿਲਾ ਤੇ ਸ਼ਬਦ ਜ਼ਰਾ ਵੇਖੋ ।
ਸਵਈਏ, ਸਲੋਕ, ਸੋਹਿਲਾ, ਤੇ ਸੱਦ ਜ਼ਰਾ ਵੇਖੋ ।
ਸੁਖਮਨੀ, ਸਿਧ ਗੋਸਟ ਤੇ ਸੁਚੱਜੀ ਜ਼ਰਾ ਵੇਖੋ ।
ਕਾਫੀ ਕਰਹਲੇ, ਜਰਾ ਵੇਖੋ, ਕੁਚੱਜੀ ਜ਼ਰਾ ਵੇਖੋ ।
ਗੁਣਵੰਤੀ, ਗਾਥਾ, ਲਾਵਾਂ ਤੇ ਘੋੜੀ ਜ਼ਰਾ ਵੇਖੋ ।
ਚਉਪਦੇ ਚਉਬਲੇ ਜਰਾ ਵੇਖੋ, ਹਰ ਪੌੜੀ ਜ਼ਰਾ ਵੇਖੋ ।
ਛਿਪਦੈ, ਛਿੰਝ, ਛੱਕਾ, ਛੰਦ ਤੇ ਪਦੇ ਜ਼ਰਾ ਵੇਖੋ ।
ਪਹਿਰੇ ਪੱਟੀ ਜਰਾ ਵੇਖੋ, ਪੰਚਪਦੇ ਜ਼ਰਾ ਵੇਖੋ ।
ਇਕ ਤੁਕਾ, ਦੋ ਤੁਕੇ, ਤਿੰਨ ਤੁਕੇ ਜ਼ਰਾ ਵੇਖੋ ।
ਦੁਪਦੇ, ਤਿਪਦੇ, ਤੇ ਚਉ-ਤੁਕੇ ਜ਼ਰਾ ਵੇਖੋ ।
ਦਿਨ ਰਹਿਣ ਡਖਣੇ, ਤੇ ਜਪ ਨੀਸਾਣ ਦੀ ਬਾਣੀ ।
ਥਿਤੀ, ਰੁਤੀ, ਰਾਗਮਾਲਾ, ਪ੍ਰਭੂ ਗੁਣ-ਗਾਣ ਦੀ ਬਾਣੀ ।
ਬਾਵਨ ਅਖਰੀ, ਬਿਰਹੜੇ, ਬਾਰਾ ਮਾਹ ਦੀ ਬਾਣੀ ।
ਮੰਗਲ ਮੰਤ੍ਰ, ਮੁੰਦਾਵਣੀ, ਰੱਬੀ ਰਾਹ ਦੀ ਬਾਣੀ ।
ਵਾਰ ਸੱਤ, ਫੁਨੇਹੇ, ਤੇ, ਆਸਾ-ਵਾਰ ਦੀ ਬਾਣੀ ।
ਨਾਮ, ਸ਼ਬਦ, ਗੁਰੂ, ਤੇ ਬ੍ਰਹਮ ਵੀਚਾਰ ਦੀ ਬਾਣੀ ।
ਪ੍ਰਗਤੀਵਾਦ, ਅਦਵੈਤਵਾਦ, ਤੇ ਏਕਤਾਵਾਦ ਦੀ ਬਾਣੀ ।
ਇਹ ਮਾਨਵ-ਵਾਦ ਦੀ ਬਾਣੀ, ਸਮਾਜਵਾਦ ਦੀ ਬਾਣੀ ।
ਸ੍ਰੀ ਗੁਰੂ ਗ੍ਰੰਥ ਗੁਰੂ ਦਾ, ਰੱਬੀ ਕਮਾਲ ਏ ਬਾਣੀ ।
ਸਤ, ਸੰਤੋਖ, ਅੰਮ੍ਰਿਤ ਨਾਮ ਦਾ, ਇਕ ਥਾਲ ਦੇ ਬਾਣੀ ।
ਜੇ ਕੋ ਖਾਵੇ ਤੇ ਪਚਾਵੇ, ਕਰੇ ਉਧਾਰ ਏ ਬਾਣੀ ।
ਇਸ ਦੇ ਚਰਨ ਲਗ ਤਰੀਏ, ਤਾਰਨ ਹਾਰ ਏ ਬਾਣੀ ।
ਸ੍ਰੀ ਗੁਰੂ ਗ੍ਰੰਥ ਗੁਰੂ ਦਾ, ਸਿਮਰਨ ਹਾਰ ਏ ਬਾਣੀ ।
ਰੱਬੀ ਵੱਲਵਲੇ ਦੀ ਪੀਂਘ ਦਾ, ਹੁਲਾਰ ਏ ਬਾਣੀ ।

ਪੰਜਾਬੀ ਕਾਵਿ ਲਈ, ਹੀਰਾ, ਕੋਹਿਨੂਰ ਏ ਬਾਣੀ ।
ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਦਾ, ਨੂਰ ਏ ਬਾਣੀ ।
ਹਰ ਹਿਰਦੇ ਵਿਚ ਵੱਸਦਾ, ਹਰੀ ਨਾਮ ਏ ਬਾਣੀ ।
ਰੋਮ ਰੋਮ ਵਿਚ ਰਮਿਆ, ਰੱਬੀ-ਨਾਮ ਏ ਬਾਣੀ ।
ਨਾਮ-ਖੁਮਾਰੀ ਦਾ ਨਾਨਕ ਨੇ, ਦਿੱਤਾ ਜਾਮ ਏ ਬਾਣੀ ।
ਸਾਰੀ ਖ਼ਲਤਕ ਨੂੰ ਦਿੱਤਾ, ਰੱਬੀ ਪੈਗਾਮ ਏ ਬਾਣੀ ।
ਅਕਾਲ ਪੁਰਖ ਦੇ ਹਰ ਰੂਪ ਦਾ, ਇਤਿਹਾਸ ਏ ਬਾਣੀ ।
ਮਾਨਵ ਜੀਵਨ ਦੀ ਪੂੰਜੀ, ਉਸਦੀ ਰਾਸ ਏ ਬਾਣੀ ।
ਸਾਂਝੇ ਰੱਬ ਦਾ ਸਾਂਝਾ, ਇਕ ਆਦੇਸ਼ ਏ ਬਾਣੀ ।
ਗੇੜ ਚੁਰਾਸੀ ਦਾ ਕਟੇ, ਕਟੇ ਕਲੇਸ਼ ਏ ਬਾਣੀ ।
ਅਕਾਲ ਪੁਰਖ ਦੀ ਭੇਜੀ ਧੁਰ ਤੋਂ, ਆਈ ਏ ਬਾਣੀ ।
ਆਕੇ ਦੁਖੀਆਂ ਦੀ ਸਗਲੀ, ਚਿੰਤ ਮਿਟਾਈ ਏ ਬਾਣੀ ।
ਨਾਨਕ ਨਾਮ ਦੀ ਦੱਸੇ, ਚੜ੍ਹਦੀ ਕਲਾ ਏ ਬਾਣੀ ।
ਮੰਗੇ ਦਾਤੇ ਦੇ ਭਾਣੇ, ਸਰਬੱਤ ਦਾ ਭਲਾ ਏ ਬਾਣੀ ।
ਨਿਮਖ, ਵਿਸੇ ਤੇ ਝੱਸੇ ਜਪੋ ਹਰ ਪਲ ਏ ਬਾਣੀ ।
ਘੜੀ, ਪਹਿਰ, ਦਿਨਰਾਤ, ਜਪੋ ਅੱਜ ਕਲ ਏ ਬਾਣੀ ।
ਮਾਨਵ ਜੀਵਨ ਦੀ ਗੁੰਝਲ, ਕਰੇ ਹਲ ਏ ਬਾਣੀ ।
ਪਿਰ ਦੇ ਮਿਲਨ ਦੀ ਸਭ ਨੂੰ, ਦਸੇ ਵਲ ਏ ਬਾਣੀ ।
ਬੋਧੀ, ਜੋਗੀ, ਜੈਨੀ, ਸਨਿਆਸੀਆਂ ਖਾਤਰ ।
ਰਸਮੀ, ਕਰਮਕਾਂਡੀ, ਬੈਰਾਗੀ, ਉਦਾਸੀਆਂ ਖਾਤਰ ।
ਸਚੇ ਪ੍ਰਭੂ ਦਾ ਸੱਚਾ ਹੈ, ਸੰਦੇਸ਼ ਇਸ ਅੰਦਰ ।
ਮਾਨਵ ਪ੍ਰੇਮ ਹੈ, ਪਿਆਰ ਹੈ, ਹਮੇਸ਼ਾ ਇਸ ਅੰਦਰ ।
ਰੱਬੀ ਨਾਦ ਇਸ ਅੰਦਰ ਤੇ, ਵਿਸਮਾਦ ਇਸ ਅੰਦਰ ।
ਗੁਰੂ ਗਿਆਨ ਇਸ ਅੰਦਰ, ਗੁਰੂ ਪ੍ਰਸਾਦ ਇਸ ਅੰਦਰ ।
ਰੱਬੀ ਰੰਗ ਇਸ ਅੰਦਰ, ਕਾਵਿ-ਸੰਜੋਗ ਇਸ ਅੰਦਰ ।
ਸਿਰਜਨ ਕੱਲਾ ਇਸ ਅੰਦਰ, ਤੇ ਵਯੋਗ ਇਸ ਅੰਦਰ ।
ਕਾਵਿ ਸ਼ੈਲੀ ਇਸ ਅੰਦਰ, ਬਿੰਬਾ-ਵਲੀ ਇਸ ਅੰਦਰ ।
ਰੱਬੀ ਬੋਲੀ ਇਸ ਅੰਦਰ, ਸ਼ਬਦਾਵਲੀ ਇਸ ਅੰਦਰ ।

ਨਾਮ, ਗੁਰੂ ਤੇ ਆਤਮ ਵੀਚਾਰ ਇਸ ਅੰਦਰ ।
ਸਦਾਚਾਰ ਇਸ ਅੰਦਰ ਜੀਵਨਸਾਰ ਇਸ ਅੰਦਰ ।
ਸਿਰਜਨ ਹਾਰ ਦੇ ਸੋਹਣੇ, ਰਾਗ ਤੇ ਕਾਵਿ ਇਸ ਅੰਦਰ ।
ਸ਼ਬਦ ਕਲਪਨਾ ਸੋਹਣੀ, ਰਸ ਤੇ ਭਾਵ ਇਸ ਅੰਦਰ ।
ਰੂਪਾਂ ਵਿਚ ਕਾਵਿ ਦੇ, ਕਈ ਰੂਪ ਇਸ ਅੰਦਰ ।
ਰਾਗ, ਛੰਦਾ-ਬੰਦੀ, ਕਲਾ ਦੇ, ਸਰੂਪ ਇਸ ਅੰਦਰ ।
ਏਕ ਓਂਕਾਰ, ਸਤਿਨਾਮੁ, ਕਰਤਾਰ ਦੀ ਬਾਣੀ ।
ਨਿਰਭਉ, ਨਿਰਵੈਰ, ਸਿਰਜਨਹਾਰ ਦੀ ਬਾਣੀ ।
ਅਕਾਲ ਮੂਰਤ, ਅਜੂਨੀ ਸੈਭੰ, ਦਾਤਾਰ ਦੀ ਬਾਣੀ ।
ਗੁਰ ਪ੍ਰਸਾਦਿ ਦੇ ਸਦਕੇ, ਜਪੁ ਨਿਰੰਕਾਰ ਦੀ ਬਾਣੀ ।
ਇਹ ਆਦਿ ਸੱਚ ਦੀ ਬਾਣੀ, ਜੁਗਾਦਿ ਸੱਚ ਦੀ ਬਾਣੀ ।
ਇਹ ਹੈ ਭੀ ਸਚ ਦੀ ਬਾਣੀ, ਹੋਸੀ ਸਚ ਦੀ ਬਾਣੀ ।
ਨਾਮ ਰਤਨ, ਗੁਰੂ ਦੀਪਕ ਦੀ, ਸੱਚੀ ਸਾਰ ਹੈ ਬਾਣੀ ।
ਭਵ-ਸਾਗਰ ਤੋਂ 'ਗੁਲਸ਼ਨ' ਕਰਨਾ ਪਾਰ ਹੈ ਬਾਣੀ ।

ਬਾਣੀ ਗੁਰੂ ਤੇ ਗੁਰੂ ਹੈ ਬਾਣੀ

੧ੴ ਸਤਿਨਾਮ ਹੈ ਨਾਮ ਜਿਸਦਾ, ਦਿਸਦੀ ਓਸੇਦੇ, ਰੂ-ਬ-ਰੂ ਹੈ ਬਾਣੀ ।
ਕਰਤਾ ਪੁਰਖ, ਨਿਰਭਉ, ਨਿਰਵੈਰ ਜਿਹੜਾ, ਰੱਖਦੀ ਓਸਦੀ, ਜੁਸਤ-ਜੂ ਹੈ ਬਾਣੀ ।
ਅਕਾਲ ਪੁਰਖ, ਅਜੂਨੀ ਸੈਭੰ ਜਿਹੜਾ, ਦ੍ਰਿਸ਼ਟੀ ਓਸ ਜਿਹੀ, ਹੂ-ਬ-ਹੂ ਹੈ ਬਾਣੀ ।
ਗੁਰ ਪ੍ਰਸਾਦਿ ਦੇ ਸਦਕੇ, 'ਜਪੁ' ਬਾਣੀ, ਆਦਿ ਸੱਚ ਤੋਂ ਹੀ ਸ਼ੁਰੂ ਹੈ ਬਾਣੀ ।
ਜੁਗਾਦਿ ਸੱਚ, ਤੇ ਹੈਭੀ ਸਚ ਸਦਕੇ, ਰਖਦੀ ਕਸ਼ਟਾਂ ਤੋਂ ਸੁਰਖ਼ਰੂ ਹੈ ਬਾਣੀ ।
ਨਾਨਕ ਹੋਸੀ ਭੀ ਸਚੁ ਗੁਲਸ਼ਨ, ਬਾਣੀ ਗੁਰੂ ਤੇ ਗੁਰੂ ਹੈ ਬਾਣੀ ।
ਅੰਡਜ ਜੇਰਜ, ਸੇਤਜ ਸੰਗ ਸਜੱਨੋ, ਉਤਭੁਜ ਖਾਨ ਦੇ ਮੇਟੇ ਸਭ ਪਾਪ ਬਾਣੀ ।
ਸਗਲੀ ਚਿੰਤ ਮਿਟਾਣ ਲਈ ਧੁਰੋਂ ਆਈ, ਰੋਗੀ ਮਨਾਂ ਦੇ ਮੇਟੇ ਸਭ ਤਾਪ ਬਾਣੀ ।
ਸ਼ਬਦਾਂ ਅਤੇ ਵਿਚਾਰਾਂ ਦੀ ਸਾਂਝ ਐਸੀ, ਪੰਜਾਬੀ ਸਾਹਿਤ ਦੀ ਮੁੱਢਲੀ ਹੈ ਛਾਪ ਬਾਣੀ ।
ਪੋਥੀ ਤਾਈ ਪ੍ਰਮੇਸ਼ਵਰ ਦਾ ਥਾਨ ਸਮਝੋ, ਗੁਰੂ ਅਰਜਨ ਨੇ ਦਿੱਤੀ ਹੈ ਥਾਪ ਬਾਣੀ ।
ਪੀਰ, ਪੈਗੰਬਰ ਅਤੇ ਅਵਤਾਰਾਂ ਦੀ ਥਾਂ, ੧ੴ ਦਾ ਦਸਦੀ ਹੈ ਜਾਪ ਬਾਣੀ ।
ਸਾਰੀ ਮਾਨਵਤਾ ਨੂੰ 'ਗੁਲਸ਼ਨ' ਜੋੜਨ ਵਾਲੀ, ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ ।

ਸਿੱਖੀ ਦੀ ਸ਼ਾਨ ਨਿਰਾਲੀ ਏ

ਗੁਰੂ ਨਾਨਕ ਮੇਰੇ ਆ ਜਗ ਵਿਚ,
ਕੁਝ ਐਸੀ ਘਾਲਣਾ ਘਾਲੀ ਏ ।
ਬਾਬਰ ਜਿਹੇ ਜਾਬਰ ਸ਼ਾਹਾਂ ਲਈ,
ਓਸ ਵੰਡੀ ਪ੍ਰੇਮ ਪਿਆਲੀ ਏ ।
ਨਾਨਕ ਦੁਖੀਏ-ਸੰਸਾਰ ਦੇ ਨਾਲ,
ਪਾਈ ਐਸੀ ਭਾਈ ਵਾਲੀ ਏ ।
ਨੌਂ ਨਿਧ ਗਰੀਬੀ ਲੈ ਆਪੂੰ,
ਵੰਡੀ ਜਗ ਨੂੰ ਖ਼ੁਸ਼ਹਾਲੀ ਏ ।
ਰਾਹ ਦੱਸੀ ਐਸੀ ਦਾਤੇ ਨੇ,
ਹਰਿਆਲੀ ਤੇ ਕੰਡਿਆਲੀ ਏ ।
ਜਿਸ ਰਾਹ ਤੇ ਰਾਹੀ ਚਲ ਆਖਣ,
ਸਿੱਖੀ ਦੀ ਸ਼ਾਨ ਨਿਰਾਲੀ ਏ ।

❄ ❄ ❄ ❄ ❄

ਇਹ ਖਨਿਓਂ ਤਿਖੀ, ਵਾਲੋਂ ਨਿੱਕੀ,
ਸਿੱਖੀ ਜਗ ਦੇਖੀ ਭਾਲੀ ਏ ।
ਆਕਾਸ਼ ਦੇ ਵਾਂਗੂ ਉਚੀ ਇਹ,
ਇਹ ਗਹਿਰੀ ਵਾਂਗ ਪਤਾਲੀ ਏ ।
ਕਾਦਰ ਦੀ ਆਰਤੀ ਲਈ ਸਿੱਖੀ,
ਕੀਤੀ ਸ੍ਰਿਸ਼ਟੀ ਮਤਵਾਲੀ ਏ ।
ਰਵਿ ਚੰਦ ਬਣਾਏ ਦੀਪਕ ਇਸ,
ਗਗਨਾਂ ਦੀ ਬਣਾਈ ਥਾਲੀ ਏ ।
ਦਸਾਂ ਜੋਤਾਂ ਨੇ ਰਲ ਕੇ ਫਿਰ,
ਗੁਰੂ ਗ੍ਰੰਥ ਦੀ ਜੋਤ ਉਜਾਲੀ ਏ ।
ਜਿਸਦੇ ਅੱਜ ਅਮਰ ਉਜਾਲੇ ਵਿਚ,
ਸਿੱਖੀ ਦੀ ਸ਼ਾਨ ਨਿਰਾਲੀ ਏ ।

ਇਸ ਤਵੀਆਂ ਉਤੇ ਸੜ ਸੜ ਕੇ,
ਤੜ ਤੜ ਕੇ ਚਰਬੀ ਢਾਲੀ ਏ ।
ਇਸ ਦੇਗ਼ਾਂ ਅੰਦਰ ਵੜ ਵੜ ਕੇ,
ਕੜ੍ਹ ਕੜ੍ਹ ਕੇ ਜਿੰਦ ਉਬਾਲੀ ਏ ।
ਇਸ ਚਰਖੀ ਉਤੇ ਚੜ ਚੜ ਕੇ,
ਅੜ ਅੜ ਕੇ ਖ਼ਲ ਲੁਹਾਲੀ ਏ ।
ਇਸ ਨੇਜ਼ੇਆਂ ਉਤੇ ਚੜ ਚੜ ਕੇ,
ਜੜ ਜੜ ਵਿਚ ਰੱਖ ਵਿਖਾਲੀ ਏ ।
ਇਸ ਇੰਜਣਾਂ ਅੱਗੇ ਖੜ ਖੜ ਕੇ,
ਫੜ ਫੜ ਕੇ ਰੋਟੀ ਖੁਆਲੀ ਏ ।
ਇਸ ਅੜ ਅੜ, ਲੜ ਲੜ ਕੇ ਰੱਖੀ,
ਸਿੱਖੀ ਦੀ ਸ਼ਾਨ ਨਿਰਾਲੀ ਏ ।

❄ ❄ ❄ ❄ ❄

ਹਰਿ ਗੋਬਿੰਦ ਗੁਰੂ ਪਾਈ ਪੀਰੀ ਦੀ,
ਮੀਰੀ ਨਾਲ ਭਾਈ ਵਾਲੀ ਏ ।
ਹਰਿ ਰਾਇ ਗੁਰੂ, ਫਿਰ ਸਿੱਖੀ ਲਈ,
ਇਕ ਪੂਰਨ ਰਾਹ ਵਿਖਾਲੀ ਏ ।
ਹਰੀ ਕ੍ਰਿਸ਼ਨ ਗੁਰੂ ਵਿਚ ਬਾਲ ਰੂਪ,
ਸਿੱਖੀ ਦੀ ਦਾਤ ਸੰਭਾਲੀ ਏ ।
ਗੁਰੂ ਤੇਗ਼ ਬਹਾਦਰ ਤੇਗ਼ ਥੱਲੇ,
ਹੱਸ ਜਿੰਦੜੀ ਆਪਣੀ ਗਾਲੀ ਏ ।
ਗੁਰੂ ਗੋਬਿੰਦ ਸਿੰਘ ਸਰਬੰਸ ਵਾਰ,
ਬਣਿਆ ਸਿੱਖ ਪੰਥ ਦਾ ਵਾਲੀ ਏ ।
ਜਿੰਦੇ ਅੰਮ੍ਰਿਤ ਸਦਕੇ ਅੱਜ ਤੀਕਰ,
ਸਿੱਖੀ ਦੀ ਸ਼ਾਨ ਨਿਰਾਲੀ ਏ ।

❄ ❄ ❄ ❄ ❄

ਜੰਗ ਜਿਤਣ ਜਾਏ, ਤਾਂ ਜੰਗ ਵਿਚੋਂ,
ਨਾ ਮੁੜਦੀ ਸਿੱਖੀ ਖਾਲੀ ਏ ।
ਯਾ ਰਣ ਇਹ ਜਿਤਣ ਵਾਲੀ ਏ,
ਯਾ ਮੌਤ ਨੂੰ ਵਰਨੇ ਵਾਲੀ ਏ ।
ਸੱਜਣਾ ਲਈ ਸਿੱਖੀ ਸਿੱਧੀ ਏ,
ਦੁਸ਼ਮਣ ਲਈ ਬਹੁਤ ਜੰਜਾਲੀ ਏ ।
ਕਿੰਝ ਮਾਰੇਗਾ ਕੋਈ, ਇਸ ਨੂੰ,
ਜਦ ਦਾਤੇ ਮਾਰ ਜਿਵਾਲੀ ਏ ।
ਭਾਵੇਂ ਉਹ ਵਿਸ਼ਵ ਜੰਗਾਂ ਨੇ,
ਭਾਵੇਂ ਉਹ ਸੰਨ-ਸੰਤਾਲੀ ਏ ।
ਇਸ ਦੁਨੀਆਂ ਤਾਂਈ ਵਖਾ ਦਿੱਤਾ,
ਸਿੱਖੀ ਦੀ ਸ਼ਾਨ ਨਿਰਾਲੀ ਏ ।

❄ ❄ ❄ ❄ ❄

ਇਸ ਸਿੱਖੀ ਗੁਲਸ਼ਨ ਦਾ ਵੀਰੋ,
ਓਹ ਕਲਗੀਆਂ ਵਾਲਾ ਮਾਲੀ ਏ ।
ਜੇਹੜਾ ਇਸ ਸਿੰਖੀ ਦੇ ਸਾਹਵੇ,
ਬਣਿਆ ਖੁਦ ਆਪ ਸਵਾਲੀ ਏ ।
ਇਹ ਸਿੱਖੀ ਉਜੜ ਨਹੀਂ ਸਕਦੀ,
ਐਸੀ ਇਸ ਵਿਚ ਹਰਿਆਲੀ ਏ ।
ਜਿਦਾਂ ਦੀ ਦਾਤੇ ਲਾਈ ਸੀ,
ਉਹਦਾ ਦੀ ਦਿੱਸਦੀ ਹਾਲੀਏ ।
ਅਜ ਬਾਣੀ ਫੁਲਾਂ-ਕਲੀਆਂ ਸੰਗ,
ਖਿੜ ਉਠੀ ਡਾਲੀ ਡਾਲੀ ਏ ।
ਗੁਰੂ ਗ੍ਰੰਥ ਦੇ ਸਦਕੇ ਸਦਾ 'ਗੁਲਸ਼ਨ',
ਸਿੱਖੀ ਦੀ ਸ਼ਾਨ ਨਿਰਾਲੀ ਏ ।

❄ ❄ ❄ ❄ ❄

ਪਰਿਚੈ - **'ਰੰਗੀਲਾ'**

ਨਾਮ	ਚਰਨਜੀਵ ਸਿੰਘ ਰੰਗੀਲਾ
ਪਿਤਾ	ਸ੍ਰ੦ ਸ੦ ਈਸ਼ਰ ਸਿੰਘ 'ਗਿੱਲ'
ਜਨਮ	ਲਾਹੌਰ (ਪਾਕਿਸਤਾਨ) ੧੯੩੭
ਸਿਕਸ਼ਾ	ਹਾਈਸਕੂਲ
ਕਿੱਤਾ	ਡਾਈ ਮੇਕਰ
ਵਰਤਮਾਨ	ਗ੍ਰੰਥੀ ਦੀ ਸੇਵਾ, ਗੁਰਦੁਆਰਾ ਮਾਨਸਰੋਵਰ
ਸ਼ੌਕ	ਲੰਬੇ ਅਰਸੇ ਤੋਂ ਗੀਤ ਅਤੇ ਕਵਿਤਾਵਾਂ ਲਿਖਣ ਪੜਨ ਦਾ ਸ਼ੌਕ
ਪਤਾ	ਗੁ੦ ਮਾਨਸਰੋਵਰ, ਐਲ.ਡੀ.ਏ. ਕਾਲੋਨੀ, ਕਾਨਪੁਰ ਰੋਡ, ਲਖਨਊ

ਕਾਵਿ ਪਰਿਚੈ

ਸੱਚੀਆਂ ਹਮੇਸ਼ ਗੱਲਾਂ ਮੂੰਹ ਦੇ ਉਤੇ ਆਖ ਦੇਵਾਂ,
ਫਾਲਤੂ ਨੇ ਗੱਲਾਂ ਜੋ ਮੈਂ ਕਦੇ ਨਹੀਂ ਕੀਤੀਆਂ ।
ਸਦਾ ਮੈਂ ਤਾਂ ਸਭਨਾਂ ਨੂੰ ਉਹੋ ਕੁਝ ਦੱਸਦਾ ਹਾਂ -
ਜ਼ਿੰਦਗੀ ਦੇ ਨਾਲ ਮੇਰੇ ਜੋ ਜੋ ਹੈਨ ਬੀਤੀਆਂ ।
ਸਿੱਧਾ ਸਾਦਾ ਬੰਦਾ ਹਾਂ ਮੈਂ, ਛੱਲ ਵੱਲ ਜਾਣਦਾ ਨਹੀਂ -
ਸਿਧੀਆਂ ਹੀ ਗਲਾਂ ਹਰ ਬੰਦੇ ਨਾਲ ਕੀਤੀਆਂ ।
ਸਾਹਿਬ ਦੇ ਮੈਂ ਰੰਗ ਵਿਚ ਹੋ ਗਿਆ 'ਰੰਗੀਲਾ' ਲੋਕੋ -
ਉਸੇ ਦੇ ਹੀ ਚਰਨਾਂ ਦੇ ਨਾਲ ਲਾਈਆਂ ਪ੍ਰੀਤੀਆਂ ॥

ਸ਼੍ਰੀ ਗੁਰੂ ਗ੍ਰੰਥ
ਗੁਰੂਆਂ ਦੀ ਜੋਤ ਅਤੇ ਬਾਣੀ ਦਾ ਖ਼ਜ਼ਾਨਾ ਏ

ਇਕ ਘੁਟ ਜਿਨ੍ਹੇ ਇਸ ਸਾਗਰ ਚੋਂ ਪੀ ਲੀਤਾ
ਗੁਰਬਾਣੀ ਲਈ ਸਦਾ ਹੋਇਆ ਉਹ ਦੀਵਾਨਾ ਏ ।
ਖ਼ੁਸ਼ਬੂ ਜਿਦ੍ਹੀ, ਸਾਰੇ ਜੱਗ ਵਿਚ ਫੈਲ ਗਈ
ਐਸਾ ਸਾਡੇ ਗੁਰੂ ਸਾਹਿਬ ਬਖਸ਼ਿਆ ਮੈਯਖਾਨਾ ਏ ।
ਜਿਨ੍ਹਾ ਬਾਣੀ ਮਨੋ ਪੜ੍ਹੀ ਜਾਨਾਂ ਤਕ ਵਾਰ ਦੇਣ
ਸ਼ਮਾਂ ਉਤੋਂ ਜਾਨ ਵਾਰੇ ਜਿਵੇਂ ਪਰਵਾਨਾ ਏ ।
ਜਿਨ੍ਹਾ ਬਾਣੀ ਜੀਵੀ ਭਵ ਸਾਗਰੋਂ ਉਹ ਪਾਰ ਹੋਣ
ਮੁਕ ਜਾਂਦਾ ਦੁਨੀਆਂ 'ਚ ਫੇਰ ਆਣਾ ਜਾਨਾਂ ਏ ।
ਜਿਦ੍ਹੇ ਨਾਲ ਕੋਈ ਵੀ ਬਰਾਬਰੀ ਨ ਹੋ ਸਕੇ -
ਐਸਾ ਗੁਰੂ ਅਰਜਨ ਜੀ ਬਖ਼ਸ਼ਿਆ ਪੈਮਾਨਾ ਏ ॥
ਤਾਂਹੀਓ ਗੁਰੂ ਗ੍ਰੰਥ ਨੂੰ ਨਿਵਾ ਕੇ ਸੀਸ ਕਹਿਣ ਸਾਰੇ -
ਗੁਰੂਆਂ ਦੀ ਜੋਤ ਅਤੇ ਬਾਣੀ ਦਾ ਖਜ਼ਾਨਾ ਏ ॥

❄ ❄ ❄ ❄ ❄

ਧੰਨ ਗੁਰ ਨਾਨਕ ਜਿਨ੍ਹਾ ਮੱਕੇ ਜਾ ਕੇ ਕਾਬੇ ਤਾਂਈ,
ਇਹੋ ਬਾਣੀ ਪੜ੍ਹ ਚਾਰੇ ਪਾਸਿਆਂ ਘੁਮਾਇਆ ਸੀ ।
ਇਸੇ ਤਰ੍ਹਾਂ ਜਦੋਂ ਬਹਿਸ ਹੋਈ ਸੀ ਸਿੱਧਾਂ ਨਾਲ,
ਸਿਧਾਂ ਤਾਈ ਬਾਣੀ ਸਿਧਾ ਕਰਕੇ ਵਿਖਾਇਆ ਸੀ ।
ਜ਼ਹਿਰ ਨਾਲੋਂ ਵੱਧ ਜਿਨ੍ਹੂੰ ਕੋੜਾ ਲੋਕੀਂ ਆਖਦੇ ਸੀ,
ਇਸੇ ਬਾਣੀ ਰੀਠਾ ਮਿਠਾ ਸ਼ਹਿਦ ਬਣਾਇਆ ਸੀ ।
ਆਪਣੇ ਤੋਂ ਵੱਧ ਜੋ ਨ ਕਿਸੇ ਨੂੰ ਵੀ ਜਾਣਦਾ ਸੀ,
ਬਾਣੀ ਦੇ ਪ੍ਰਤਾਪ, ਉਸ ਵਲੀ ਨੂੰ ਝੁਕਾਇਆ ਸੀ ।
ਵਹਿਮ ਭਰਮ ਸ਼ੰਕਿਆ ਨੂੰ ਤਜ ਕੇ ਤੇ ਆਓ ਇਥੇ,
ਸੱਚੇ ਮਨੋਂ ਆਓ ਜਿਨ੍ਹੇ ਇਹਨੂੰ ਆਜ਼ਮਾਨਾ ਏ ॥
ਜਿਨ੍ਹਾਂ ਤਾਂਈ ਸੋਝੀ ਹੋਈ ਆਪ ਮੁਹਾਰੇ ਕਹਿਣ -
ਗੁਰੂਆਂ ਦੀ ਜੋਤ ਅਤੇ ਬਾਣੀ ਦਾ ਖਜ਼ਾਨਾ ਏ ॥

ਊਚਾ ਦਰ ਬਾਬੇ ਨਾਨਕ ਦਾ

ਗੁਰ ਨਾਨਕ ਦੇ ਵੇਹੜੇ ਦੇ ਵਿਚ, ਮੁਟਿਆਰ ਪਈ ਇਕ ਝਾੜੂ ਲਾਵੇ ।
ਧੰਨ ਗੁਰ ਨਾਨਕ, ਧੰਨ ਗੁਰ ਨਾਨਕ, ਨਾਲੇ ਮਿਠੀ ਧੁੰਨ ਵਿਚ ਗਾਵੇ ।
ਭਾਈ ਲਹਿਣੇ ਨੇ ਤੜਕੇ ਉਠ ਕੇ, ਜਿਸ ਦੱਮ ਉਸ ਮੁਟਿਆਰ ਨੂੰ ਤਕਿਆ
ਕੌਣ ਹੈ ਇਹ ਤੇ ਕਿਥੋਂ ਆਈ ? ਬਿਨ ਪੁਛਿਆ ਉਹ ਰਹਿ ਨ ਸਕਿਆ ।

ਕੌਣ ਤੂੰ ਕੁੜਿਏ ਕਿਥੋਂ ਆਈ, ਕਿਸ ਨੇ ਤੈਨੂੰ ਰਾਹ ਵਿਖਾਇਆ ।
ਸੂਹੇ ਲਾਲ ਨੇ ਕਪੜੇ ਤੇਰੇ, ਹੱਥਾਂ ਵਿਚ ਤੂੰ ਚੂੜਾ ਪਾਇਆ ।
ਖੁਲੇ ਵਾਲ ਵੀ ਠੀਕ ਠਾਕ ਨੇ ਮੱਥੇ ਉਤੇ ਟਿਕਾ ਫੱਬਦਾ ।
ਜੋ ਜੋ ਵੀ ਤੂੰ ਪਾਈਐ ਕੁੜੀਏ ਵੇਖਣ ਵਿਚ ਓਹ ਸੋਹਣਾ ਲਗਦਾ ।

ਉਤਰ ਵਿਚ ਮੁਟਿਆਰ ਸੀ ਬੋਲੀ ਤੂੰ ਵੀ ਤੇ ਕੁੰਝ ਲੈਣ ਨੂੰ ਆਇਆ ।
ਲੈਣ ਵਾਸਤੇ ਮਾ-ਪਿਆ ਤੇਰੇ, ਨਾਮ ਵੀ ਹੈ ਲਹਿਣਾ ਰਖਵਾਇਆ ।
ਇਹ ਉਹ ਦਰ ਹੈ ਜਿਸ ਦਰ ਉਤੋਂ, ਲੋਕ ਸਾਰੇ ਨੇ ਦਾਤਾਂ ਪਾਂਦੇ ।
ਖਾਲੀ ਝੋਲੀ ਲੈ ਕੇ ਆਵਣ ਭਰ ਭਰ ਝੋਲਾਂ ਲੈ ਜਾਂਦੇ ।

ਕੌੜੇ ਰੀਠੇ ਵਲ ਜਦ ਤਕਿਆ, ਉਸ ਵਿਚ ਮਿਠਾ ਸ਼ਹਿਦ ਸੀ ਭਰਿਆ ।
ਜਿਸ ਦੇ ਵਲ ਸੀ ਇਸੇ ਨੇ ਤਕਿਆ, ਭਵ ਸਾਗਰ ਤੋਂ ਉਹ ਸੀ ਤਰਿਆ ।
ਮੱਕੇ ਦੇ ਵਿਚ ਜਦ ਏ ਪੁੱਜਾ, ਚਾਰੇ ਪਾਸੇ ਮੱਕਾ ਘੁੰਮਿਆ ।
ਇਸ ਦੇ ਕੌਤਕ ਨੂੰ ਤੱਕ ਸਭ ਨੇ, ਇਸਦੇ ਪੈਰਾਂ ਨੂੰ ਸੀ ਚੁੱਮਿਆ ।

ਭਾਈ ਲਹਿਣਾ ਜੀ ਆਖਣ ਲੱਗੇ - ਦੱਸ ਕੁੜੇ ਕੀ ਨਾਂ ਹੈ ਤੇਰਾ ।
ਐਸ ਵੇਲੇ ਤੂੰ ਕਿਥੋਂ ਆਈ , ਕਿਸ ਥਾਂ ਉਤੇ ਹੈ ਤੇਰਾ ਡੇਰਾ ।
ਏਨਾ ਜਦ ਕੁੜੀ ਨੇ ਸੁਣਿਆ, ਲਹਿਣਾ ਜੀ ਨੂੰ ਆਖਣ ਲਗੀ -
ਬੜੇ ਗੌਰ ਨਾਲ ਲਹਿਣਾ ਜੀ ਦੀ ਸੂਰਤ ਦੇ ਵੱਲ ਝਾਕਣ ਲਗੀ ।

ਕੁੜੀ ਲਗੀ ਫਿਰ ਏਦਾਂ ਆਖਣ, ਸੁਣ ਭਾਈ ਲਹਿਣੇ ਮੇਰੀਆਂ ਗੱਲਾਂ ।
ਆਸ ਉਮੀਦ ਜੋ ਲੈ ਕੇ ਆਵਣ, ਪੂਰੀ ਕਰਦੀ ਮੈਂ ਵਿਚ ਪੱਲਾਂ ।
ਵੈਸ਼ਣੋ ਦੇਵੀ ਮੈਨੂੰ ਆਖਣ, ਕੋਈ ਕਹਿੰਦਾ ਹੈ ਜੈ ਮਾਂ ਅੰਬੇ ।
ਪਹਾੜਾ ਵਿਚ ਹੈ, ਡੇਰਾ ਮੇਰਾ ਕੋਈ ਕਹਿੰਦਾ ਹੈ ਜੈ ਜਗਦੰਬੇ ।

ਸ਼ੇਰ ਸੁਆਰੀ ਮੈਂ ਹਾਂ ਕਰਦੀ, ਕੋਈ ਕਹਿੰਦਾ ਹੈ ਸ਼ੇਰਾਂ ਵਾਲੀ ।
ਜਿਹੜੇ ਮੈਥੋਂ ਖ਼ੁਸ਼ੀਆਂ ਪਾਂਦੇ, ਉਹ ਕਹਿੰਦੇ ਨੇ ਮੇਹਰਾਂ ਵਾਲੀ ।
ਇਤਨਾ ਨਾਂ ਜਦ ਲੈਣੇ ਨੇ ਸੁਣਿਆ, ਝੱਟ ਪੈਰਾਂ ਤੇ ਸੀਸ ਝੁਕਾਇਆ ।
ਲਹਿਣਾ ਜੀ ਦੇ ਸਿਰ ਨੂੰ ਫੜ ਕੇ, ਮਾਂ ਅੰਬੇ ਨੇ ਇੰਝ ਸਮਝਾਇਆ ।

ਮੇਰੇ ਕੋਲ ਤੇ ਕੁਝ ਵੀ ਨਹੀਂ ਹੈ, ਸਾਰਾ ਕੁਝ ਮੈਂ ਏਥੋਂ ਹੀ ਪਾਵਾਂ ।
ਜੋ ਦਾਤਾਂ ਮੈਂ ਇਸ ਤੋਂ ਪਾਵਾਂ, ਉਹ ਸਭ, ਸਭ ਨੂੰ ਵੰਡਦੀ ਜਾਂਵਾਂ ।
ਪਹਿਲੋਂ ਆ ਇਥੇ ਮੱਥਾਂ ਟੇਕ ਕੇ, ਧੂੜੀ ਮਸਤਕ ਉਤੇ ਲਾਂਦੀ ।
ਫਿਰ ਇਸ ਦਰ ਨੂੰ ਸਾਫ ਕਰਨ ਲਈ, ਰੋਜ਼ ਮੈਂ ਇਥੇ ਝਾੜੂ ਲਾਂਦੀ ।

ਏਨੀਂ ਸੇਵਾ ਕਰਕੇ ਲਹਿਣੇ, ਫਿਰ ਦਾਤਾਂ ਮੈਂ ਇਸ ਤੋਂ ਪਾਵਾਂ ।
ਇਹਦੀ ਮਿਹਰਬਾਨੀਆਂ ਸਦਕਾ, ਓਹ ਸਭ ਨੂੰ ਮੈਂ ਵੰਡਦੀ ਜਾਵਾਂ ।
ਜਿਸ ਨੂੰ ਸਾਰੀ ਦੁਨੀਆਂ ਪੂਜੇ, ਓਹ ਇਸ ਦਰ ਦੀ ਪੂਜਾ ਕਰਦੇ ।
ਇੰਦਰ ਅਤੇ ਬ੍ਰਹਮਾ ਵਰਗੇ ਵੀ, ਇਸ ਦਰ ਤੇ ਆ ਪਾਣੀ ਭਰਦੇ ।

ਸੱਚ ਕਹਿਨੀ ਵਾਂ ਮੈਂ ਰੰਗੀਲੇ, ਇਸ ਦਰ ਉਤੇ ਜੋ ਵੀ ਆਵੇ ।
ਸੇਵਾ ਕਰਕੇ ਇਸ ਦਰ ਉਤੋਂ, ਜੋ ਚਾਹੇ ਓਹੀ ਫਲ ਪਾਵੇ ।

❄ ❄ ❄ ❄ ❄

ਮਰਜਾਣਾ ਹੋਇਆ - 'ਮਰਦਾਨਾ'

ਵੇ ਮਰਜਾਣੇ ਵੇ ਮਰਜਾਣੇ, ਕਿਥੇ ਗਿਆ ਏਂ ਵੇ ਮਰਜਾਣੇ ।
ਵਾਜਾਂ ਮਾਰ ਮਾਰ ਮੈਂ ਹਾਰੀ, ਸੁਣਦਾ ਕਿਉਂ ਨਹੀਂ ਵੇ ਮਰਜਾਣੇ ?
ਮਰਜਾਣਾ ਮਰਜਾਣਾ ਕਹਿ ਕੇ, ਇਕ ਮਾਈ ਪਈ ਵਾਜਾਂ ਮਾਰੇ ।
ਖੌਰੇ ਕਿਹੜਾ ਸੀ ਮਰਜਾਣਾ ਕਿਸਦੇ ਤੇ ਤਾਈ ਸੀ ਮਾਈ ਪੁਕਾਰੇ ॥
ਇਕ ਨੂਰੀ ਬਾਲਕ ਆ ਪੁੱਛਿਆ, ਕਿਸ ਨੂੰ ਮਾਤਾ ਵਾਜਾਂ ਮਾਰੇਂ ।
ਕਿਸ ਦਾ ਅੰਨ ਜਲ ਇਥੋਂ ਮੁਕਿਐ, ਕਿਸ ਦੇ ਤਾਂਈ ਮਰਜਾਣਾ ਪੁਕਾਰੇਂ ॥
ਮਾਈ ਕਿਹਾ ਤੂੰ ਕਿਥੋਂ ਆਇਆ, ਕਿਹੜੇ ਮਾਂ-ਪਿਆ ਦਾ ਹੈ ਜਾਇਆ ?
ਪਿਤਾ ਕਾਲੂ ਜੀ, ਮਾਂ ਹੈ ਤ੍ਰਿਪਤਾ, ਨਾਨਕ ਜਿਨ੍ਹਾਂ ਨੇ ਨਾਮ ਰਖਾਇਆ ॥
ਇਹੋ ਜਿਹੀ ਗੱਲ ਕਿਉਂ ਕਰਦੀ ਏਂ, ਕੀ ਹੋਇਆ ਏ ਮਾਤਾ ਤੈਨੂੰ ।
ਕਿਸ ਨੂੰ ਆਖੇ ਤੂੰ ਮਰਜਾਣਾ, 'ਜਰਾ ਵਿਖਾ ਤਾਂ ਮਾਤਾ ਮੈਨੂੰ ॥
ਮਰਜਾਣਾ ਕਿਉਂ ਨਾਂ ਈ ਰੱਖਿਆ, ਹੋਰ ਕੋਈ ਤੈਨੂੰ ਨਾ ਲਭਿਆ ।
ਐਨੀ ਸੋਹਣੀ ਦੁਨੀਆਂ ਅੰਦਰ, ਕੋਈ ਚੰਗਾ ਤੈਨੂੰ ਨਾਮ ਨ ਫਬਿਆ ॥
ਮਾਈ ਕਿਹਾ ਕਿ ਇਸ ਤੋਂ ਪਹਿਲੋਂ, ਮੇਰੇ ਘਰ ਅਠ ਬਾਲ ਸੀ ਹੋਏ ।
ਅਲਾਹ ਨੂੰ ਸਭ ਹੋ ਗਏ ਪਿਆਰੇ, ਵਾਰੋ ਵਾਰੀ ਸਭ ਉਸ ਨੇ ਖੋਹੇ ॥
ਇਸੇ ਕਰ ਕੇ ਮੈਂ ਇਸ ਬਾਲਕ ਦਾ ਸ਼ੁਰੂ ਤੋਂ ਨਾ ਰਖਿਐ ਮਰਜਾਣਾ ।
ਅੱਜ ਨਹੀਂ ਤਾਂ ਕੁਝ ਚਿਰ ਮਗਰੋਂ, ਇਸ ਨੇ ਹੈ ਸਭ ਨੂੰ ਛੱਡ ਜਾਣਾ ॥
ਨੂਰੀ ਬਾਲਕ ਨੇ ਸਮਝਾਇਆ - ਦਿਲ ਨਾ ਢਾ ਤੇ ਮੰਨ ਮੇਰਾ ਕਹਿਣਾ ।
ਉਂਝ ਤਾਂ ਦੁਨੀਆਂ ਫਾਨੀ ਹੈ ਇਹ - ਇਥੇ ਬੈਠ ਕਿਸੇ ਨਹੀਂ ਰਹਿਣਾ ॥
ਪਰ ਅੱਜ ਤੋਂ ਬਾਲਕ ਇਹ ਤੇਰਾ, ਹਰ ਦਮ ਸਾਡੇ ਨਾਲ ਰਹੇਗਾ ।
ਖ਼ੁਸ਼ੀ ਗ਼ਮੀ ਤੇ ਦੁਖ ਸੁਖ ਸਾਰੇ, ਬਾਲਕ ਸਾਡੇ ਨਾਲ ਸਹੇਗਾ ।
ਸਾਡੇ ਨਾਲ ਇਸ ਦੀ ਮਾਤਾ, ਸਮਝ ਲੈ ਅੱਜ ਤੋਂ ਹੋ ਗਈ ਯਾਰੀ ।
ਰਹਿੰਦੀ ਦੁਨੀਆਂ ਤਕ ਹੁਣ ਇਸ ਦਾ, ਜਸ ਗਾਵੇਗੀ ਦੁਨੀਆ ਸਾਰੀ ॥
ਕਿਹਾ 'ਰੰਗੀਲੇ' ਨੂਰੀ ਬਾਲਕ, ਇਸ ਵਰਗਾ ਨਹੀਂ ਹੋਣੈ ਦਾਨਾ ।
ਮਰਜਾਣਾ ਨਹੀਂ ਇਸ ਦਾ ਅੱਜ ਤੋਂ, ਨਵਾਂ ਨਾਮ ਹੋਇਆ ਮਰਦਾਨਾ ॥

ਪਰਿਚੈ - ***ਮਨਮੋਹਨ ਸਿੰਘ***

ਨਾਮ	ਮਨਮੋਹਨ ਸਿੰਘ ਮੋਹਣੀ
ਜਨਮ	ਰਾਵਲਪਿੰਡੀ (1942)
ਵਿਦਿਆ	ਐਮ.ਏ. (ਹਿੰਦੀ ਸਾਹਿਤ) ਐਮ.ਏ. (ਅੰਗਰੇਜ਼ੀ ਸਾਹਿਤ)
ਕਿੱਤਾ	ਸਰਕਾਰੀ ਨੌਕਰੀ (ਰਿਟਾਇਰਡ)
ਨਿਵਾਸ	ਲਖਨਊ
ਸਨਮਾਨ	• ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ (31 ਮਾਰਚ 2008) • ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ (ਤਖ਼ਤ ਸ੍ਰੀ ਕੇਸਗੜ੍ਹ) 13 ਸਿਤੰਬਰ 2008

ਗੁਰੂ ਗ੍ਰੰਥ ਜਿਹਾ ਕਿਹੜਾ ਗੁਰੂ ਹੈ ਜਹਾਨ ਵਿਚ

ਸ੍ਰਿਸ਼ਟੀ ਦੇ ਸਾਰੇ ਭੇਦ ਗੁਰੂਆਂ ਨੇ ਖੋਲ ਦਿੱਤੇ,
ਖੁਲਦੇ ਨਹੀਂ ਭੇਦ ਜਿਹੜੇ ਦੁਨੀਆ ਦੇ ਗਿਆਨ ਵਿਚ ।
ਰੱਬ ਦਾ ਸਪਸ਼ਟ ਰੂਪ ਬਾਣੀ ਵਿਚ ਦਸ ਦਿੱਤਾ,
ਖਾਏ ਨਾ ਭੁਲੇਖਾ ਕੋਈ ਉਹ ਦੀ ਪਹਿਚਾਨ ਵਿਚ ।
ਪਰਗਟ ਗੁਰਾਂ ਕੀ ਦੇਹ ਇਨੂੰ ਦਸ਼ਮੇਸ਼ ਕਹਿਆ,
ਰੰਚ ਵੀ ਨਾ ਸ਼ੰਕਾ ਜਾਣੋ ਇਸ ਫਰਮਾਨ ਵਿਚ ।
ਗੁਰੂ ਪ੍ਰਤੱਖ ਗੁਰੂ, ਗੁਰੂ ਗੁਰੂ ਗ੍ਰੰਥ ਸਾਹਿਬ,
ਗੁਰੂ ਦੀ ਇਹ ਗੱਲ ਰੱਖੇ ਸਦਾ ਸਿੱਖ ਧਿਆਨ ਵਿਚ ।
ਗੁਰੂਆਂ ਤੇ ਭਗਤਾਂ ਦੀ ਸਾਂਝੀ ਹੈ ਇਹ ਦੀਪ ਮਾਲਾ,
ਇਹੋ ਜਿਹੀ ਦਿਵਾਲੀ ਨਾ ਜਮੀਨ, ਆਸਮਾਨ ਵਿਚ ।
ਇਸ ਦੇ ਹਰ ਦੀਵੇ ਵਿਚੋਂ ਰੱਬੀ ਨੂਰ ਡੁੱਲਦਾ ਏ,
ਗੁਰੂ ਗ੍ਰੰਥ ਜਿਹਾ ਕਿਹੜਾ ਗੁਰੂ ਹੈ ਜਹਾਨ ਵਿਚ ।

ਗੁਰੂ ਗ੍ਰੰਥ
ਸਿੱਧਾ ਬੰਦੇ ਨੂੰ ਰੱਬ ਨਾਲ ਜੋੜਦਾ ਏ

ਗੁਰੂ ਨਾਨਕ, ਨਿਰੰਕਾਰ ਤੋਂ ਜੋਤ-ਲੈਕੇ,
ਸਿੱਖੀ ਆਪਣੀ ਇੰਜ ਚਲਾਈ ਜਗ ਵਿਚ ।
ਅਗੋਂ ਗੁਰੂਆਂ, ਜੋਤ ਤੋਂ ਜੋਤ ਲੈ ਕੇ,
ਸਿੱਖੀ ਇਸ ਤਰ੍ਹਾਂ ਅੱਗੇ ਵਧਾਈ ਜਗ ਵਿਚ ।
ਪੰਜਵੇਂ ਗੁਰੂ ਹਰਿਮੰਦਰ ਵਿਚ ਥਾਪ ਕੇ ਤੇ,
ਆਦਿ ਗ੍ਰੰਥ ਨੂੰ ਦਿੱਤੀ ਵਡਿਆਈ ਜਗ ਵਿਚ ।
ਦਸਵੇਂ ਗੁਰੂ ਇਸ ਗ੍ਰੰਥ ਨੂੰ ਟੇਕ ਮੱਥਾ,
ਸ਼ਬਦ-ਗੁਰੂ ਨੂੰ ਦਿੱਤੀ ਗੁਰਿਆਈ ਜਗ ਵਿਚ ।
ਦਸਾਂ ਗੁਰਾਂ ਦੀ ਜੋਤ ਪਰਤੱਖ ਹੈ ਇਹ,
ਤੱਤ ਤੱਤ 'ਚੋਂ' ਸਾਰ ਨਿਚੋੜਦਾ ਏ ।
ਸੱਚਾ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰੱਬ ਨਾਲ ਜੋੜਦਾ ਏ ।

❄ ❄ ❄ ❄ ❄

ਛੇ ਗੁਰੂ, ਚਾਰ ਗੁਰ ਸਿੱਖ, ਭਗਤ ਪੰਦਰਾਂ,
ਬਾਣੀ ਜਿਨ੍ਹਾਂ ਦੀ ਵਿਚ ਪਰਵਾਨ ਦਿੱਸੇ ।
ਯਾਰਾਂ ਭੱਟਾਂ ਦੀ ਬਾਣੀ ਵੀ ਵਿਚ ਸ਼ਾਮਿਲ,
ਆਸ਼ੇ ਸਬ ਦਾ ਇਕ ਸਮਾਨ ਦਿੱਸੇ ।
ਕੋਈ ਧਰਮ ਹੋਵੇ ਕੋਈ ਬਰਨ ਹੋਵੇ,
ਸਾਂਝੀ ਸਬ ਦੀ ਇਕ ਪਹਿਚਾਨ ਦਿੱਸੇ ।
ਇਕ ਉਂਕਾਰ ਪਰਮਾਤਮਾ ਰੱਬ ਇਕ ਹੈ,
ਗੁਰੂ ਗ੍ਰੰਥ ਪਰਤੱਖ ਪ੍ਰਮਾਣ ਦਿਸੇ ।
ਗਲ ਸ਼ੇਖ ਫ਼ਰੀਦ ਪਿਆ ਕਰਦਾ ਏ,
ਨਾਲ ਬੈਠਾ ਗੁਰੂ ਨਾਨਕ ਪਿਆ ਬੋਲਦਾ ਏ ।
ਸੱਚਾ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰਬ ਨਾਲ ਜੋੜਦਾ ਏ ।

ਸ਼ਬਦ ਗੁਰੂ ਤੋਂ ਭਾਵ ਗੁਰ-ਸ਼ਬਦ ਤੋਂ ਹੈ,
ਨਾ ਇਹ ਆਦਿ ਵਾਲਾ ਨਾ ਵਿਸਮਾਦ ਵਾਲਾ ।
ਨਾ ਇਹ ਧੁੰਨ ਤਰੰਗ ਤੋਂ ਉਪਜਿਆ ਏ,
ਨਾ ਇਹ ਸ਼ਬਦ ਹੈ ਅਨਹੱਦੀ ਨਾਦ ਵਾਲਾ ।
ਨਾ ਇਹ ਜੋਗੀਆਂ ਦੇ ਹੱਠ-ਯੋਗ ਵਾਲਾ,
ਨਾ ਇਹ ਸਿੱਧਾਂ ਦੀ ਸੁੰਨ ਸਮਾਧਿ ਵਾਲਾ ।
ਗੁਰ-ਬਾਣੀ ਹੈ ਸ਼ਬਦ ਵਿਚਾਰ ਸੱਚਾ,
ਸ਼ਬਦ-ਗੁਰੂ ਹੈ ਗੁਰ ਪ੍ਰਸਾਦਿ ਵਾਲਾ ।
ਬਾਣੀ ਧੁਰ ਕੀ ਗੁਰਾਂ ਬਿਆਨ ਕੀਤੀ,
ਭੇਦ ਸ੍ਰਿਸ਼ਟੀ ਦੇ ਇੰਜ ਖੋਲਦਾ ਏ ।
ਸੱਚਾ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰੱਬ ਨਾਲ ਜੋੜਦਾ ਏ ।

❄ ❄ ❋ ❄ ❄

ਜਿੱਥੇ ਸਰਗੁੱਣ ਨਿਰਗੁਣ ਦੀ ਗੱਲ ਹੋਵੇ,
ਅਸੀਂ ਖਾਂਦੇ ਭੁਲੇਖਾ ਪਹਿਚਾਨ ਅੰਦਰ ।
ਘੱਟ ਘੱਟ ਵਿਚ ਰਾਮ ਜੋ ਵਸਦਾ ਏ,
ਉਹੀ ਗੋਪੀਆਂ ਵਿਚ ਉਹੀ ਕਾਨ੍ਹ ਅੰਦਰ ।
ਸਰਗੁਣ ਰੂਪ ਹੈ ਉਸ ਦਾ ਸੰਸਾਰ ਸਾਰਾ,
ਨਿਰਗੁਣ ਰੂਪ ਹੈ ਉਹ ਧਿਆਨ ਅੰਦਰ ।
ਸਾਰੇ ਜਗਤ ਵਿਚ ਆਪ ਉਹ ਵਿਚਰਦਾ ਏ,
ਸਾਰਾ ਜੱਗ ਹੈ ਉਸ ਦੇ ਫ਼ਰਮਾਨ ਅੰਦਰ ।
ਆਪੇ ਕੰਡਾ ਤੇ ਤੋਲ ਤਰਾਜੀ ਆਪੇ,
ਆਪ ਆਪਣੇ ਜਗਤ ਨੂੰ ਤੋਲਦਾ ਏ ।
ਸੱਚਾ ਪਾਤਸ਼ਾਹ ਸ੍ਰੀ ਗੁਰੁ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰਬ ਨਾਲ ਜੋੜਦਾ ਏ ।

ਅਕਾਲ ਮੂਰਤ ਅਜੂਨੀ ਪਰਮਾਤਮਾ ਹੈ,
ਜੱਗ ਤੇ ਹੋਇਆ ਨਾ ਉਸ ਦਾ ਅਵਤਾਰ ਕੋਈ ।
ਬ੍ਰਹਮਾ ਵਿਸ਼ਨੂੰ ਮਹੇਸ਼ ਜਹੇ ਚੇਲਿਆਂ ਵਿਚ,
ਇਨ੍ਹਾਂ ਵਿਚੋਂ ਨਾ ਹੋਇਆ ਕਰਤਾਰ ਕੋਈ ।
ਸਾਰੇ ਬਿੰਬ ਪ੍ਰਤੀਬਿੰਬ ਹੀ ਉਸ ਦੇ ਨੇ,
ਬਿੰਬ ਹੋਇਆ ਨਾ ਕਦੇ ਸਾਕਾਰ ਕੋਈ ।
ਉਸ ਦੇ ਕਈ ਹਰਕਾਰੇ ਹੋਏ ਜੱਗ ਅੰਦਰ,
ਗੁਰੂ ਗ੍ਰੰਥ ਜੈਸਾ ਨਾ ਹਰਕਾਰ ਕੋਈ ।
ਪੂਜਾ ਇਕ ਅਕਾਲ ਦੀ ਦੱਸ ਕੇ ਤੇ,
ਹੋਰ ਪਾਸਿਉਂ ਜਗਤ ਨੂੰ ਹੋੜਦਾ ਏ ।
ਸੱਚਾ ਪਾਤਸ਼ਾਹ ਸ਼੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰਬ ਨਾਲ ਜੋੜਦਾ ਏ ।

* * * * *

ਜਿੱਥੇ ਮਨ ਕੀਤਾ ਮਥਾ ਟੇਕ ਦਿੱਤਾ,
ਅਸੀਂ ਕਿਤਨੇ ਮਤਾਂ ਨੂੰ ਮੰਨਦੇ ਹਾਂ ।
ਬਾਣੀ ਆਖਦੀ ਨਾਮ ਆਧਾਰ ਸਾਡਾ,
ਅਸੀਂ ਮੜੀਆਂ ਮਠਾਂ ਨੂੰ ਮੰਨਦੇ ਹਾਂ ।
ਗਲ ਅਮਲਾਂ ਨਸੀਬਾਂ ਦੀ ਕਰਦੇ ਹਾਂ,
ਉਂਗਲਾਂ ਵਿਚ ਪਰ ਨਗਾਂ ਨੂੰ ਮੰਨਦੇ ਹਾਂ ।
ਗੁਰ ਨਾਨਕ ਤੇ ਸਾਡਾ ਯਕੀਨ ਪੂਰਾ,
ਨਾਲ ਸਜਣ ਠਗਾਂ ਨੂੰ ਮੰਨਦੇ ਹਾਂ ।
ਗੁਰ-ਮੂਰਤ ਗੁਰ-ਸ਼ਬਦ ਹੈ ਸੱਚ ਜਾਣੋਂ,
ਸਿੱਖ ਮੂਰਤਾਂ ਹੋਰ ਨਾ ਲੋੜਦਾ ਏ ।
ਸੱਚਾ ਪਾਤਸ਼ਾਹ ਸ਼੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰੱਬ ਨਾਲ ਜੋੜਦਾ ਏ ।

ਫਿਰਦਾ ਪਿਆ ਏ ਸਿੱਖ ਭੰਬਲ ਭੂਸਿਆਂ ਵਿਚ,
ਪਤਾ ਨਹੀਂ ਕਿਸ ਕਿਸ ਨੂੰ ਮੰਨਦਾ ਏ ।
ਜਿਹੜਾ ਕੰਨ ਵਿਚ ਇਸ ਦੇ ਫੂਕ ਮਾਰੇ,
ਗਲ ਉਸ ਦੀ ਪਲੇ ਇਹ ਬੰਨਦਾ ਏ ।
ਗ੍ਰਹਿਣ ਇਸ ਨੂੰ ਰਾਹੂਆਂ ਤੇ ਕੇਤੂਆਂ ਦਾ,
ਭਰਮ ਇਸ ਨੂੰ ਸੂਰਜ ਤੇ ਚਨ ਦਾ ਏ ।
ਲੱਗਾ ਹੋਇਆ ਹੈ ਪਿਛੇ ਇਹ ਵਾਸਤੂਆਂ ਦੇ,
ਵਸਤੂਆਂ ਆਪਣੇ ਘਰਾਂ ਦੀਆਂ ਭੰਨਦਾ ਏ ।
ਉਸ ਸਿੱਖ ਦਾ ਹਾਲ ਬੇਤਾਲ ਵਰਗਾ,
ਜਿਹੜਾ ਗੁਰੂ ਦੇ ਦਰ ਨੂੰ ਛੋੜਦਾ ਏ ।
ਸੱਚਾ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ,
ਸਿੱਧਾ ਬੰਦੇ ਨੂੰ ਰੱਬ ਨਾਲ ਜੋੜਦਾ ਏ ।

ਕਬੀਰ ਕਬੀਰ

ਗੱਲਾਂ ਕਈ ਕਬੀਰ ਦੇ ਜਨਮ ਬਾਬਤ,
ਉਸ ਨੂੰ ਨੀਰੂ ਜੁਲਾਹੇ ਨੇ ਪਾਲਿਆ ਏ ।
ਰਾਮਾਨੰਦ ਤੋਂ ਲਈ ਸੀ ਦੀਖਿਆ ਉਸ,
ਜਿਸ ਨੇ ਉਸ ਦੇ ਵਿਚਾਰਾਂ ਨੂੰ ਢਾਲਿਆ ਏ ।
ਲੋਈ ਨਾਲ ਸੀ ਉਸ ਦਾ ਨਿਕਾਹ ਹੋਇਆ,
ਜਿਸ ਨੇ ਉਸ ਦਾ ਵਕਤ ਸੰਭਾਲਿਆ ਏ ।
ਫਾਕਾ ਮਸਤੀਆਂ ਵਿਚ ਸਾਰੀ ਉਮਰ ਕੱਟੀ,
ਉਸ ਨੇ ਜੀਵਨ ਦੀ ਘਾਲ ਨੂੰ ਘਾਲਿਆ ਏ ।
ਹਿੰਦੂ ਮੁਸਲਮਾਂ ਵਿਚ ਉਸ ਨਾ ਫਰਕ ਰੱਖਿਆ,
ਇਕੋ ਨੂਰ ਨੂੰ ਸਬ ਵਿਚ ਤਕਦਾ ਏ ।
ਸਾਫ ਖਰੀਆਂ ਖਰੀਆਂ ਆਖ ਦੇਂਦੈ,
ਕਿਸੇ ਬੰਦੇ ਦਾ ਬਾਕੀ ਨਹੀਂ ਰਖਦਾ ਏ ।

❋ ❋ ❋ ❋ ❋

ਤਾਣਾ ਬੰਨਦਾ ਏ ਬਾਣਾ ਬੁਨਦਾ ਏ,
ਜਿਹੜਾ ਇਕ ਜੁਲਾਹੇ ਦਾ ਕਾਜ ਹੋਵੇ ।
ਵਖਰੀ ਨਜਰ ਕਬੀਰ ਦੀ ਜੱਗ ਤੋਂ ਏ,
ਵਖਰਾ ਜਗ ਤੋਂ ਉਹਦਾ ਮਿਜ਼ਾਜ ਹੋਵੇ ।
ਰੀਤਾਂ ਤੋੜ ਪਰੀਤਾਂ ਦੀ ਗਲ ਕਰਦੈ,
ਕੋਈ ਰਸਮ ਹੋਏ ਕੋਈ ਰਿਵਾਜ ਹੋਵੇ ।
ਉਸ ਨੇ ਸਦਾ ਪਖੰਡ ਨੂੰ ਖੰਡਿਆ ਏ,
ਕੋਈ ਧਰਮ ਤੇ ਕੋਈ ਸਮਾਜ ਹੋਵੇ ।
ਹਰ ਤਰ੍ਹਾਂ ਦੇ ਭਰਮ ਨੂੰ ਭੰਨਦਾ ਏ,
ਹਰ ਤਰ੍ਹਾਂ ਦੇ ਵਹਿਮ ਨੂੰ ਤੋੜਦਾ ਏ ।
ਕਬੀਰ ਅੱਜ ਵੀ ਖੜਾ ਬਾਜ਼ਾਰ ਅੰਦਰ,
ਭਾਂਡਾ ਪਿਆ ਪਖੰਡ ਦਾ ਫੋੜਦਾ ਏ ।

ਹੁਸ਼ੀਆਰ ਬੇਦਾਰ ਹੈ ਬੜੀ ਦੁਨੀਆ,
ਮਾਇਆ ਇਨੂੰ ਚਤਰਾਈ ਹੈ ਲੱਖ ਦਿੱਤੀ ।
ਕਿਸੇ ਵਿਰਲੇ ਤਾਂਈਂ ਨਸੀਬ ਹੋਣੀ
ਰੱਬ ਜਿਹੜੀ ਕਬੀਰ ਨੂੰ ਅੱਖ ਦਿੱਤੀ ।
ਸ਼ਬਦ ਸੁਰਤ ਤੇ ਲਿਵ ਦਾ ਮੇਲ ਕਰਦੈ,
ਬ੍ਰਹਮ ਗਿਆਨੀਆਂ ਦੀ ਇਸ ਨੂੰ ਤਕ ਦਿੱਤੀ ।
ਔੜ੍ਹੀ ਜਤਨ ਨਾਲ ਭਗਤ ਕਬੀਰ ਐਸੀ,
ਚੁਨਰੀ ਜਿਉਂ ਦੀ ਤਿਉਂ ਹੈ ਰੱਖ ਦਿੱਤੀ ।
ਰੂਪਕ ਬ੍ਰਹਮ ਤੇ ਮਾਇਆ ਦੇ ਬੰਨ੍ਹਦਾ ਏ
ਪੰਜ ਠੱਗਾਂ ਤੇ ਇਕ ਸ਼ਰੀਰ ਦੀ ਗਲ ।
ਗੱਠਰੀ ਚੋਰਾਂ ਦੇ ਹੱਥ ਤੋਂ ਖੋਹ ਲੈਂਦੈ,
ਜੱਗ ਤੋਂ ਵੱਖਰੀ ਭਗਤ ਕਬੀਰ ਦੀ ਗੱਲ ।

ਉਥੇ ਕਰੋਧ ਹੰਕਾਰ ਆ ਵਸਦੇ ਨੇ,
ਜਿੱਥੇ ਲੋਭ ਮੋਹ ਤੇ ਕਾਮ ਦੀ ਗੱਲ ।
ਮਨ ਦੇ ਵਿਚ ਵਿਕਾਰਾਂ ਨੇ ਵਾਸ ਕੀਤੈ,
ਕਿੱਥੇ ਨਿਰਗੁਣ ਦੇ ਵਿਸ਼ਰਾਮ ਦੀ ਗੱਲ ।
ਬੇਗੁਣਾ ਨਿਗੁਣਾ ਪਿਆ ਫਿਰੇ ਬੰਦਾ,
ਜੱਦ ਤੱਕ ਮਨ ਵਿਚ ਨਹੀਂ ਨਿਸ਼ਕਾਮ ਦੀ ਗੱਲ ।
ਸ਼ਬਦ ਪੰਜ ਸੌ ਬਿਆਲੀ ਸ਼੍ਰੀ ਗੁਰੂ ਗ੍ਰੰਥ ਅੰਦਰ,
ਹਰ ਸ਼ਬਦ ਵਿਚ ਉਹ ਦੇ ਹਰਿਨਾਮ ਦੀ ਗੱਲ ।
ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਦੇਵ ਅਰਜਨ,
ਭਗਤਾਂ ਵਿਚ ਕਬੀਰ ਨੂੰ ਥਾਪਿਆ ਏ ।
ਰਾਮ ਅਤੇ ਕਬੀਰ ਵਿਚ ਭੇਦ ਕੋਈ ਨਹੀਂ,
ਉਸ ਲਈ ਭਾਈ ਗੁਰਦਾਸ ਨੇ ਆਖਿਆ ਏ ।

ਨਦਿਆ ਨਇਆ ਦੇ ਵਿਚ ਪਈ ਡੁੱਬਦੀ ਏ,
ਸਿੱਧੇ ਅਰਥ ਦੇਵਣ ਉਲਟ ਬਾਂਸੀਆਂ ਨੇ ।
ਮਾਈਆਂ ਮੋਹਣੀ ਜੱਗ ਨੂੰ ਮੋਹ ਲਿਆ ਏ,
ਇਸੇ ਲਈ ਤਾਂ ਘੋਰ ਉਦਾਸੀਆਂ ਨੇ ।
ਵਿਛੜੀ ਆਤਮਾ ਲਭੇ ਪਰਮਾਤਮਾਂ ਨੂੰ,
ਰੂਹਾਂ ਅਜ ਵੀ ਸਬੇ ਪਿਆਸੀਆਂ ਨੇ ।
ਗੁਰੂ ਬਿਨਾਂ ਨਾ ਮੁਕਤੀ ਮਿਲਦੀ ਏ,
ਗੁਰੂ ਬਿਨਾਂ ਤਾਂ ਜਮ ਕੀਆ ਫਾਂਸੀਆਂ ਨੇ ।
ਮੁੱਕਤੀ ਤਾਂ ਹੀ ਬੰਦੇ ਨੂੰ ਮਿਲਦੀ ਏ,
ਸੱਟ ਗੁਰੂ ਦੇ ਤੀਰ ਦੀ ਵਜਦੀ ਏ ।
ਜਿਸ ਨੇ ਵੇਖਣਾ ਏ, ਵਿਚ ਡੁੱਬ ਵੇਖੇ,
ਨਦੀਆ ਪਈ ਕਬੀਰ ਦੀ ਵੱਗਦੀ ਏ ।

❄ ❄ ❄ ❄ ❄

ਮਨ ਦੇ ਦੀਵਿਆਂ ਵਿਚ ਜਿਸ ਦੀ ਜੋਤ ਬਲਦੀ,
ਉਹ ਇਕ ਐਸੇ ਈਮਾਨ ਦੀ ਗੱਲ ਕਰਦੈ ।
ਜਿਹੜੀ ਉਠਦੀ ਦਿਲਾਂ ਦੀਆਂ ਮਸਜਿਦਾ ਚੋਂ,
ਉਹ ਇਕ ਐਸੀ ਅਜ਼ਾਨ ਦੀ ਗੱਲ ਕਰਦੈ ।
ਸੂਰਾ ਸੋਈ ਜੋ ਦੀਨ ਕੇ ਹੇਤ ਲੱੜਦੈ,
ਉਹ ਇਕ ਐਸੇ ਬਲਵਾਨ ਦੀ ਗਲ ਕਰਦੈ ।
ਜੋ ਨਾ ਮੰਦਿਰਾਂ ਵਿਚ, ਨਾ ਮਸਜਿਦਾਂ ਵਿਚ,
ਉਹ ਇਕ ਐਸੇ ਭਗਵਾਨ ਦੀ ਗਲ ਕਰਦੈ ।
ਦਿਲ ਨੂੰ ਕਰੋ ਮਸੀਤ ਨਮਾਜ਼ ਪੜ ਲੋ,
ਉੱਚੀ ਬਾਂਗ ਲਗਾਣ ਦੀ ਲੋੜ ਕੋਈ ਨਹੀਂ ।
ਅੰਤਰ ਵਿਚ ਨੇ ਅਨਹੱਦੀ ਰਾਗ ਵੱਜਦੇ,
ਬਾਹਰ ਟੱਲ ਖੜਕਾਣ ਦੀ ਲੋੜ ਕੋਈ ਨਹੀਂ ।

ਸੱਚੀ ਗਲ ਕਹਿਣੋ ਕਦੇ ਸੰਗਿਆ ਨਹੀਂ,
ਉਸ ਨੇ ਸਬ ਲਈ ਸਾਂਝਾ ਵਿਖਿਆਨ ਦਿੱਤਾ ।
ਉਸ ਦਾ ਇਕ ਉਪਦੇਸ਼ ਸੀ ਸਾਰਿਆ ਲਈ,
ਉਸ ਹਰ ਹਿੰਦੂ ਦਿੱਤਾ ਮੁਸਲਮਾਨ ਦਿੱਤਾ ।
ਉਸ ਨੇ ਜਿਸਮ ਵਾਲਾ ਪਿੰਜਰਾ ਤੋੜ ਕੇ ਤੇ,
ਸਿਧਾ ਰੂਹ ਦੇ ਤਾਂਈ ਫ਼ਰਮਾਨ ਦਿੱਤਾ ।
ਕਾਸ਼ੀ ਖੜੀ ਹੰਕਾਰ ਵਿਚ ਤੱਕਦੀ ਰਹੀ,
ਉਸ ਨੇ ਮਗਹਰ ਤਾਂਈ ਉਹ ਮਾਨ ਦਿੱਤਾ ।
ਬਾਣੀ ਉਸ ਦੀ ਚਾਨਣ ਦਾ ਪੁੰਜ ਕੋਈ,
ਇਕ ਇਕ ਪਰਤ ਹਨੇਰੇ ਦੀ ਖੋਲਦੀ ਏ ।
ਉਸ ਘੰਟੇ ਘੜੀਆਲਾਂ ਦੇ ਸ਼ਹਿਰ ਅੰਦਰ,
ਤੂਤੀ ਪਈ ਕਬੀਰ ਦੀ ਬੋਲਦੀ ਏ ।

❄ ❄ ❄ ❄ ❄

ਜੀਵਨ ਬੰਦੇ ਦਾ ਨਾਮ ਬਿਨ ਜਾਏ ਨਿਹਫਲ,
ਬਿਨਾਂ ਅਮਲਾਂ ਦੇ ਮਿਲਦਾ ਫਲ ਕੋਈ ਨਹੀਂ ।
ਭਰੇ ਤਾਲ ਵਿਚ ਕੁਮਦ ਕੁਮਲਾਏ ਕਿਉਂ ਕਰ,
ਉਸ ਦੀ ਨਾਲ ਦੇ ਨਾਲ ਕੀ ਜਲ ਕੋਈ ਨਹੀਂ ।
ਵਿਛੁੱੜੀ ਆਤਮਾ ਮਿਲੇ ਪਰਮਾਤਮਾ ਨੂੰ,
ਬਾਝ ਇਸ ਦੇ ਇਸ ਦਾ ਹਲ ਕੋਈ ਨਹੀਂ
ਚਰਖਾ ਡਾਹੋ ਕਬੀਰ ਦਾ ਤ੍ਰਿੰਜਣਾ ਵਿਚ,
ਉਸ ਦੇ ਵਿਚ ਤ੍ਰਕੁੱਲੇ ਵੱਲ ਕੋਈ ਨਹੀਂ
ਫਾਗ ਖੇਡਿਆ ਭਗਤ ਕਬੀਰ ਐਸਾ,
ਦੋਹਾਂ ਪਾਸੇ ਗੁਲਾਲ ਅਬੀਰ ਦਿੱਸੇ ।
ਉਸ ਲਾਲ ਦੀ ਲਾਲੀ ਵਿਚ ਸੁਰਖ ਹੋਇਆ,
ਸਾਰਾ ਜਗ ਕਬੀਰ ਕਬੀਰ ਦਿਸੇ ।

❄ ❄ ❄ ❄ ❄

ਘੁੰਗਣੀਆਂ

ਘੁੰਗਣੀਆਂ ਵਾਲਾ ਘੁੰਗਣੀਆਂ ਵੇਚਦਾ ਏ
ਜਿਨ੍ਹਾਂ ਖਾਦੀਆਂ ਉਨ੍ਹਾਂ ਰਸ ਮਾਣਿਆ ਏ

ਘੁੰਗਣੀਆਂ ਵੇਚਣੇ ਲਈ ਚਲਿਆ ਘਰੋਂ ਜੇਠਾ,
ਸਿਰ ਤੇ ਰੱਖ ਕੇ ਵੱਡੀ ਪਰਾਤ ਕੋਈ ।
ਰਸਤੇ ਵਿਚ ਹੈ ਇਕ ਫ਼ਕੀਰ ਮਿਲਿਆ,
ਆਖੇ ਪਾ ਦੇ ਮੈਨੂੰ ਖੈਰਾਤ ਕੋਈ ।
ਜੁਗਾਂ ਜੁਗਾਂ ਦੀ ਭੁਖ ਮਿੱਟਾ ਮੇਰੀ,
ਤੇਰੇ ਕੋਲ ਹੈ ਜਾਪੇ ਸੁਗਾਤ ਕੋਈ ।
ਘੁੰਗਣੀਆਂ ਵੰਡ ਕੇ ਭੁੱਖਾ ਘਰ ਪਰਤ ਆਇਐ,
ਦਿਸਦੀ ਇਸ ਦੇ ਵਿਚ ਹੈ ਬਾਤ ਕੋਈ
ਸੱਚਾ ਸੌਦਾ ਇਕ ਕੀਤਾ ਸੀ ਗੁਰ ਨਾਨਕ,
ਦੂਜਾ ਭਾਈ ਜੇਠੇ ਕਰ ਜਾਂਣੀਆਂ ਏ ।
ਘੁੰਗਣੀਆਂ ਵਾਲਾ ਘੁੰਗਣੀਆਂ ....

* * * * *

ਲੈ ਲਉ ਘੁੰਗਣੀਆਂ ਆਈ ਆਵਾਜ਼ ਉਸ ਦੀ,
ਉਹ ਹਾਕਾਂ ਵਿਚ ਬਜ਼ਾਰਾਂ ਦੇ ਲਾ ਰਿਹਾ ਏ ।
ਸਿਰ ਤੇ ਥਾਲ ਤੇ ਥਾਲ ਵਿਚ ਘੁੰਗਣੀਆ ਨੇ,
ਸਿੱਖ ਵੇਚਦਾ ਏ ਗੁਰੂ ਖਾ ਰਿਹਾ ਏ ।
ਘੁੰਗਣੀਆਂ ਵਿਚ ਹੈ ਸਿੱਖ ਦੀ ਕਿਰਤ ਛੁੱਪੀ,
ਗੁਰੂ ਕਦਰਾਂ, ਤੇ ਕੀਮਤਾਂ ਪਾ ਰਿਹਾ ਏ ।
ਗਲੀਆਂ ਵਿਚ ਫਕੀਰਾਂ ਦਾ ਵੇਸ ਧਰ ਕੇ,
ਸੁੱਚੀ ਕਿਰਤ ਦਾ ਬਾਦਸ਼ਾਹ ਜਾ ਰਿਹਾ ਏ ।
ਜਾਣੀ ਜਾਣ ਸਤਿਗੁਰ ਅਮਰਦਾਸ ਸੱਚੇ,
ਜਿਨ੍ਹਾਂ ਸੋਢੀ ਸੁਲਤਾਨ ਸਿਆਣਿਆਂ ਏ ।
ਘੁੰਗਣੀਆਂ ਵਾਲਾ ਘੁੰਗਣੀਆਂ ....

ਘੁੰਗਣੀਆਂ ਟੁੰਬੀਆਂ ਕਾਵਾਂ ਤੇ ਹੰਸ ਹੋ ਗਏ,
ਸਾਖੀਆਂ ਕਾਂ ਸਰੋਵਰ ਤੇ ਹੰਸ ਦੀਆਂ ।
ਜਿਨ੍ਹਾਂ ਪਿੰਗਲਿਆਂ ਇਨ੍ਹਾਂ ਲਈ ਲਾਈ ਤਾਰੀ,
ਪਦਵੀਆਂ ਪਾ ਗਏ ਨੇ ਪਰਮ ਹੰਸ ਦੀਆਂ ।
ਜਿਸ ਨੂੰ ਨੇਮਤਾ ਇਹ ਨਸੀਬ ਹੋਈਆਂ,
ਅੰਸ਼ਾਂ ਤਰ ਗਈਆਂ ਉਨ੍ਹਾਂ ਦੇ ਅੰਸ਼ ਦੀਆਂ
ਚੌਥੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤਕ,
ਘੁੰਗਣੀਆਂ ਸੋਢੀ ਸੁਲਤਾਨ ਦੇ ਵੰਸ਼ ਦੀਆਂ ।
ਸੱਤ ਘੁੰਗਣੀਆਂ ਦਾ ਉਹੋ ਹੀ ਜਾਣਦੇ ਨੇ,
ਜਿਨ੍ਹਾਂ ਆਤਮਰਸ ਪਛਾਣਿਆਂ ਏ ।
ਘੁੰਗਣੀਆਂ ਵਾਲਾ ਘੁੰਗਣੀਆਂ ....

❄ ❄ ❄ ❄ ❄

ਨਿੱਤ ਵੰਡਦਾ ਏ ਨਿੱਤ ਵੇਚਦਾ ਏ,
ਘੁੰਗਣੀਆ ਮਿਲਦੀਆਂ ਸੇਵਾ ਨਿਸ਼ਕਾਮ ਦੀਆਂ ।
ਥਾਲ ਵਿਚ ਪਰੋਸ ਕੇ ਰਖੀਆਂ ਨੇ,
ਉਸ ਦੀਆਂ ਘੁੰਗਣੀਆਂ ਰੱਬੀ ਕਲਾਮ ਦੀਆਂ ।
ਸਾਰੇ ਜਗ ਤੇ ਇਨ੍ਹਾਂ ਦਾ ਮੁਲ ਕੋਈ ਨਹੀਂ,
ਫਿਰ ਵੀ ਮਿਲਦੀਆਂ ਨੇ ਬਿਨਾਂ ਦਾਮ ਦੀਆਂ ।
ਖਾਉ ਘੁੰਗਣੀਆ ਆਤਮਾ ਤ੍ਰਿਪਤ ਹੋ ਜਾਏ,
ਉਸ ਦੀਆਂ ਘੁੰਗਣੀਆਂ ਨੇ ਅੰਮ੍ਰਿਤ ਨਾਮ ਦੀਆਂ ।
ਬਾਣੀ ਗੁਰੂ ਤੇ ਗੁਰੂ ਹੈ ਆਪ ਬਾਣੀ,
ਰਾਮ ਦਾਸ ਗੁਰ ਆਪ ਵਖਾਂਣਿਆ ਏ ।
ਘੁੰਗਣੀਆਂ ਵਾਲਾ ਘੁੰਗਣੀਆਂ ....

ਪਰਿਚੈ - **'ਦੀਵਾਨਾ'**

ਨਾਮ	ਹਰਮਹਿੰਦਰ ਸਿੰਘ ਦੀਵਾਨਾ
ਪਿਤਾ	ਸ੍ਵ0 ਸ0 ਨਾਨਕ ਸਿੰਘ
ਜਨਮ	1946 (ਰਾਵਲ ਪਿੰਡੀ)
ਪਤਾ	551ਝ/90(43), ਰਾਮਨਗਰ, ਆਲਮਬਾਗ, ਲਖਨਊ
ਸ਼ਿਕਸ਼ਾ	ਹਾਈ ਸਕੂਲ
ਸ਼ੌਕ	ਮਿਮਿਕਰੀ, ਤਬਲਾ, ਸ਼ੇਰੋ-ਓ-ਸ਼ਾਇਰੀ
ਸਨਮਾਨ ਪਾਤਸ਼ਾਹ	(1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਚੌਥੇ ਦੇ ਪ੍ਰਕਾਸ਼ ਪੁਰਬ ਸਮੇਂ ੨੦੦੨ 'ਚ ਕਵਿਤਾ, ਪਾਠ ਲਈ ਸਨਮਾਨਿਤ । (2) ਸਾਕਿਬ ਐਜੁਕੇਸ਼ਨਲ ਸੁਸਾਇਟੀ ਵੱਲੋਂ ੨੦੦੪ 'ਚ 'ਕੌਮੀ ਏਕਤਾ' ਐਵਾਰਡ ਨਾਲ ਸਨਮਾਨਿਤ ।

ਸ਼ਬਦ-ਗੁਰੂ

ਨਿਰੰਕਾਰ ਇਕ ਸ਼ਬਦ ਹੈ ਉਸਦੇ ਲਈ,
ਜਿਹੜਾ ਕਦੀ ਆਕਾਰਾਂ ਵਿਚ ਆਉਂਦਾ ਨਹੀਂ ।
ਉਹ ਇਕ ਹੈ, ਜਿਸ 'ਚ' ਹਾਂ ਅਸੀਂ ਸਾਰੇ ।
ਕਿਸੇ ਇਕ 'ਚ' ਓਹ ਸਮਾਉਂਦਾ ਨਹੀਂ ॥

ਸ਼ਬਦ ਗੁਰੂ ਹੈ, ਗੁਰੂ ਹੈ ਸ਼ਬਦ ਸਾਡਾ,
ਸ਼ਬਦ ਨਾਲ ਕਰਤਾਰ ਨੂੰ ਧਿਆਈ ਦਾ ਏ ।
ਕਈ ਜਨਮ ਅਕਾਰਾਂ ਦਾ ਮੋਹ ਛੱਡੀਏ,
ਤਾਹੀਓਂ ਉਸ ਨਿਰੰਕਾਰ ਨੂੰ ਪਾਈਦਾ ਏ ॥

ਗੁਰੂ ਗ੍ਰੰਥ ਨੂੰ ਮੰਨ ਕੇ ਇਸ਼ਟ ਆਪਣਾ
ਦਿਲ ਵਿਚ ਬਾਣੀ ਦੀ ਸ਼ਮਾਅ ਜਗਾ ਲਈਏ
ਵਾਂਗ ਦੀਵਾਨਿਆਂ ਹੋ ਕੇ ਗੁਮ ਇਸ ਵਿਚ
ਅਸੀਂ ਓਸ ਨਿਰੰਕਾਰ ਨੂੰ ਪਾ ਲਈਏ ।

ਗੁਰੂ ਗ੍ਰੰਥ ਤਾਂ ਸਾਝਾਂ ਹੈ ਸਾਰਿਆਂ ਦਾ

ਇਹ ਤਾਂ ਭਟਕਦੇ ਹੋਏ ਮਨਾਂ ਨੂੰ ਧੀਰ ਬਖ਼ਸ਼ੇ,
ਕਰਦਾ ਦੁਖ ਇਹ ਦੂਰ ਦੁਖਿਆਰਿਆਂ ਦਾ ॥
ਹੁੰਦੈ ਮੰਨ ਨਿਰਮਲ ਇਹ ਦੀ ਸੁਣ ਬਾਣੀ,
ਮਾਣ ਤੋੜਦੈ ਵੱਡੇ ਹੰਕਾਰਿਆਂ ਦਾ ॥
ਦਿੰਦਾ ਠਾਰ ਏ ਤਪਦੇ ਦਿਲਾਂ ਤਾਂਈ,
ਜੀਵਨ ਦਾਨ ਹੈ ਜੀਵਨ ਤੋਂ ਹਾਰਿਆਂ ਦਾ ॥
ਨਵੇਂ ਲੇਖ ਇਹ ਬੰਦੇ ਦੇ ਲਿਖਦਾ ਏ,
ਬਣਦਾ ਹੌਸਲਾਂ ਵਕਤ ਦੇ ਮਾਰਿਆਂ ਦਾ ॥
ਇਹ ਤਾਂ ਥਾਂ ਨਿਥਾਵੇਂ ਨੂੰ ਬਖ਼ਸ਼ਦਾ ਹੈ,
ਦਸਦਾ ਪਤਾ ਹੈ ਰਬ ਦੇ ਪਿਆਰਿਆਂ ਦਾ ॥
ਹਰ ਇਕ ਦਿਲ ਵਿਚ ਸਾਂਝ ਬਨਾਉਣ ਵਾਲਾ
ਗੁਰੂ ਗ੍ਰੰਥ ਤਾਂ ਸਾਂਝਾ ਹੈ ਸਾਰਿਆਂ ਦਾ ॥

* * * * *

ਪਖੰਡ ਝੂਠ ਦੀ ਥਾਂ ਨਹੀਂ ਇਸ ਅੰਦਰ,
ਸੱਚੇ ਰੱਬ ਦੀ ਸੱਚੀ ਆਵਾਜ਼ ਹੈ ਇਹ ॥
ਦਸਮ ਦੁਆਰ ਹੈ ਬੰਦੇ ਦਾ ਖੁਲ੍ਹ ਜਾਂਦਾ,
ਜਦੋਂ ਕੁਦਰਤ ਦੇ ਦਸਦਾ ਰਾਜ ਹੈ ਇਹ ॥
ਪੰਡਤ ਇਸ ਨੂੰ ਵੇਦਾਂ ਦਾ ਤਤ ਜਾਣਨ,
ਮੋਮਨ ਲਈ ਪ੍ਰਤੱਖ ਨਮਾਜ਼ ਹੈ ਇਹ ॥
ਪੰਜਵੇਂ ਨਾਨਕ ਨੇ ਬਖ਼ਸ਼ੀ ਸੌਗਾਤ ਐਸੀ,
ਹੈ ਗ਼ਰੂਰ ਸਾਡਾ, ਸਾਡਾ ਨਾਜ਼ ਹੈ ਇਹ ॥
ਮਿਲ ਜਾਏ ਇਸ ਦੇ ਦਰ ਦੀ ਓਟ ਜਿਸ ਨੂੰ -
ਉਸ ਲਈ ਮਤਲਬ ਨ ਹੋਰ ਸਹਾਰਿਆਂ ਦਾ ॥
ਬਾਣੀ ਛੱਤੀ ਮਹਾਂਪੁਰਖਾਂ ਦੀ ਆਖਦੀ ਏ -
ਗੁਰੂ ਗ੍ਰੰਥ ਤਾਂ ਸਾਝਾਂ ਹੈ ਸਾਰਿਆਂ ਦਾ ॥

* * * * *

ਇਸ ਬਾਣੀ ਦੀ ਜਦ ਵੀ ਲਗੇ ਛਹਿਬਰ,
ਸੁਕਿਆਂ ਮਨਾਂ ਦਾ ਖੇਤ ਗੁਲਜ਼ਾਰ ਹੁੰਦੈ ॥
ਝੂਠੇ ਨਸ਼ੇ ਸਭ, ਜਗ ਦੇ ਭੁਲ ਜਾਂਦੇ,
ਜਦੋਂ ਨਾਮ ਦਾ ਚੜ੍ਹਿਆ ਖ਼ੁਮਾਰ ਹੁੰਦੈ ॥
ਜਦੋਂ ਬੰਦੇ ਦੇ ਦਿਲ ਦਿਮਾਗ਼ ਅੰਦਰ,
ਉਸ ਦਾਤੇ ਦਾ ਸੁੱਚਾ ਵਿਚਾਰ ਹੁੰਦੈ ॥
ਅੱਖਰ, ਅੱਖਰ ਚੋਂ, ਉਸਦੀ ਸੋਧ ਮਿਲਦੀ,
ਸ਼ਬਦ, ਸ਼ਬਦ ਚੋਂ, ਉਸਦਾ ਦੀਦਾਰ ਹੁੰਦੈ ॥
ਬਦਲ ਜਾਂਦੇ ਨੇ ਭਾਗ ਫਿਰ ਬੰਦਿਆਂ ਦੇ,
ਜੀਵਨ ਸੰਵਰ ਜਾਂਦੇ, ਔਗਣ ਹਾਰਿਆਂ ਦਾ ॥
ਮਿਟਦੀ ਦੂਈ, ਤੇ ਦਿਲੋਂ ਆਵਾਜ਼ ਆਉਂਦੀ,
ਗੁਰੂ-ਗ੍ਰੰਥ ਤਾਂ ਸਾਂਝਾ ਹੈ ਸਾਰਿਆਂ ਦਾ ॥

❋ ❋ ❋ ❋ ❋

ਗ੍ਰੰਥ ਗੁਰੂ ਨੂੰ, ਗੱਦੀ ਸੌਂਪ ਕੇ ਤੇ
ਦਸਵੇਂ ਗੁਰੂ ਪੁਰਾਣੀ ਤਸਵੀਰ ਬਦਲੀ ॥
ਗੁਰੂ ਪੰਥ, ਗੁਰੂ ਗ੍ਰੰਥ ਨੂੰ ਇਕ ਕਰ ਕੇ,
ਉਹਨੇ ਸੋਚ ਬਦਲੀ, ਤੇ ਤਹਿਰੀਰ ਬਦਲੀ ॥
ਬਾਣੀ ਬਾਣੀ ਦਾ ਓਹ ਸੁਮੇਲ ਹੋਇਆ
ਪੰਜ-ਦਰਿਆਵਾਂ ਦੀ, ਗਈ ਤਾਸੀਰ ਬਦਲੀ ॥
ਸੁੱਤੇ ਹੋਏ ਜ਼ਮੀਰ, ਜਗਾ ਕੇ ਤੇ
ਭਾਰਤ ਵਾਸੀਆਂ ਦੀ ਉਸ ਤਕਦੀਰ ਬਦਲੀ ॥
ਸੂਰਜ, ਚੰਨ, ਸਿਤਾਰਿਆਂ ਰਾਹ ਬਦਲੇ,
ਰੁੱਖ਼ ਵੇਖ ਕੇ, ਉਸਦੇ ਇਸ਼ਾਰਿਆਂ ਦਾ ॥
ਜ਼ੱਰਾ ਜ਼ੱਰਾ 'ਦੀਵਾਨਾ' ਹੋ ਆਖਦਾ ਏ,
ਗੁਰੂ ਗ੍ਰੰਥ ਤਾਂ ਸਾਂਝਾ ਹੈ ਸਾਰਿਆਂ ਦਾ ॥
❋ ❋ ❋ ❋ ❋

ਨਾ ਵੈਰੀ ਕੋਈ ਬੇਗਾਨਾ ਏ

ਇਸ ਗ੍ਰੰਥ ਗੁਰੂ ਦੀ ਬਾਣੀ ਦਾ, ਇਹੋ ਮਕ਼ਸਦ, ਇਹੋ ਨਿਸ਼ਾਨਾ ਏ ।
ਇਕੋ ਹੀ ਮਾਲਿਕ ਸਭ ਦਾ ਏ, ਓਸੇ ਦਾ ਕੁਲ ਜ਼ਮਾਨਾ ਏ ।
ਜਿੱਥੇ ਨਾਮ ਨਸ਼ਾ ਹੀ ਮਿਲਦਾ ਏ, ਗੁਰ ਬਾਣੀ ਉਹ ਮੈਖ਼ਾਨਾ ਏ ।
ਇਹ ਗ੍ਰੰਥ ਗੁਰੂ ਉਹ ਸਾਕੀ ਏ, ਹਰ ਸ਼ਬਦ ਜਿਦ੍ਹਾ ਪੈਮਾਨਾ ਏ ।
ਜਿਨੂੰ ਨਾਮ ਦੀ ਮਸਤੀ ਚੜ੍ਹ ਜਾਏ, ਉਹ ਹੋ ਜਾਂਦਾ ਦੀਵਾਨਾ ਏ ।
ਫ਼ਿਰ ਉਸਦੇ ਸਾਰੇ ਆਪਣੇ ਨੇ, ਨਾ ਵੈਰੀ ਕੋਈ ਬੇਗਾਨਾ ਏ

ਇਹ ਗ੍ਰੰਥ ਗੁਰੂ ਉਹ ਰਹਿਬਰ ਨੇ, ਗੁਰ-ਗਿਆਨ ਦਾ ਰਾਹ ਵਿਖਾਂਦੇ ਨੇ ।
ਹਿਰਦੇ ਵਿਚ ਚਾਨਣ ਹੋ ਜਾਏ, ਇਹ ਐਸੀ ਜੋਤ ਜਗਾਂਦੇ ਨੇ ।
ਰੀਠੇ ਨੂੰ ਮਿੱਠਾ ਕਰ ਦਿੰਦੇ, ਠੱਗਾਂ ਨੂੰ ਸੱਜਣ ਬਣਾਂਦੇ ਨੇ ।
ਬਾਬਰ ਨੂੰ ਨਾਮ-ਖ਼ੁਮਾਰੀ ਦਾ, ਇਹ ਅੰਮ੍ਰਿਤ ਜਾਮ ਪਿਲਾਂਦੇ ਨੇ ।
ਟਕਸਾਲ ਹੈ ਸੁੱਚੇ ਸ਼ਬਦਾਂ ਦੀ, ਸੱਚੇ ਦਾ ਸੱਚ ਖ਼ਜਾਨਾ ਏ ।
ਇਸ ਨੂਰੀ ਜੋਤ ਦੇ ਨੂਰ ਅੰਦਰ, ਨਾ ਵੈਰੀ ਕੋਈ ਬੇਗਾਨਾ ਏ ।

❄ ❄ ❊ ❄ ❄

ਗੁਰੂ ਗ੍ਰੰਥ ਹੈ ਪੂੰਜੀ ਸਿੱਖਾਂ ਦੀ, ਪਰ ਹੋਰਾਂ ਦੀ ਜਾਗੀਰ ਵੀ ਏ ।
ਜੋ ਸਭ ਦੇ ਦਿਲਾਂ ਨੂੰ ਬੰਨ੍ਹ ਲੈਂਦੀ, ਇਹ ਪਿਆਰ ਦੀ ਉਹ ਜ਼ੰਜੀਰ ਵੀ ਏ ।
ਜੇ ਪਰਮਾਨੰਦ ਕੋਈ ਪੰਡਤ ਏ, ਤਾਂ ਨਾਲ ਹੀ ਭਗਤ ਕਬੀਰ ਵੀ ਏ ।
ਜੇ ਸਧਨਾ ਇਕ ਕਸਾਈ ਏ, ਤਾਂ ਸੱਯਦ ਭੀਖਣ ਪੀਰ ਵੀ ਏ ।
ਸਭ ਯਾਰ ਨੇ ਬਾਬੇ ਨਾਨਕ ਦੇ, ਉਹ ਬਾਲਾ ਯਾ ਮਰਦਾਨਾ ਏ ।
ਇਸ ਨੂਰੀ ਜੋਤ ਦੇ ਨੂਰ ਅੰਦਰ, ਨਾ ਵੈਰੀ ਕੋਈ ਬੇਗਾਨਾ ਏ ।

ਇਹ ਬਾਣੀ ਧੁਰ ਦੀ ਬਾਣੀ ਏ, ਇਹ ਸ਼ਬਦ-ਸਲੋਕ ਬਿਨ ਮੋਲ ਦੇ ਨੇ ।
ਰਵਿਦਾਸ ਜੀ ਕਿਧਰੇ ਗਾਉਂਦੇ, ਨੇ ਪੀਪਾ ਜੀ ਕਿੱਧਰੇ ਬੋਲਦੇ ਨੇ ।
ਜੈ ਦੇਵ, ਸੈਣ ਤੇ ਨਾਮ ਦੇਵ, ਇਕ ਦੂਜੇ ਨੂੰ ਪਏ ਟੋਲਦੇ ਨੇ ।
ਧੰਨਾ ਪਿਆ ਆਰਤਾ ਗਾਂਦਾ ਏ, ਤੇ ਫ਼ਰੀਦ ਜੀ ਮਿੱਠਤ ਘੋਲਦੇ ਨੇ ।
ਭੱਟਾਂ ਦੇ ਕਿੱਤੇ ਸਵੈਯੇ ਨੇ, ਤੇ ਡੂਮ ਦਾ ਕਿਤੇ ਤਰਾਨਾ ਏ ।
ਸਭ ਧਰਮ ਤੇ ਜ਼ਾਤਾਂ ਇਕ ਹੋਏ, ਨਾ ਵੈਰੀ ਕੋਈ ਬੇਗਾਨਾ ਏ ।

ਤਸਵੀਰ ਏ ਦਿਲ ਵਿਚ ਨਾਨਕ ਦੀ, ਗੌਤਮ ਨੂੰ ਮੁਹੱਬਤ ਕਰਦੇ ਹਾਂ ।
ਅਸੀਂ ਆਸ਼ਕ ਕ੍ਰਿਸ਼ਨ ਤੇ ਰਾਮ ਦੇ ਹਾਂ, ਈਸ਼ਾ ਨਾਲ ਉਲਫਤ ਕਰਦੇ ਹਾਂ ।
ਸਭਨਾਂ ਲਈ ਪਿਆਰ ਹੈ ਦਿਲ ਅੰਦਰ, ਇਸਲਾਮ ਦੀ ਇੱਜ਼ਤ ਕਰਦੇ ਹਾਂ
ਅਸੀਂ ਗੁਰੂ ਗ੍ਰੰਥ ਦੇ ਖ਼ਾਦਿਮ ਹਾਂ, ਇਨਸਾਨ ਦੀ ਖ਼ਿਦਮਤ ਕਰਦੇ ਹਾਂ ।

ਹਿੰਦੂ-ਮੁਸਲਿਮ ਸਭ ਆਪਣੇ ਨੇ, ਸਭ ਨਾਲ ਸਾਡਾ ਯਾਰਾਨਾ ਏ ।
ਸਭਨਾਂ ਵਿਚ ਨੂਰ ਇਲਾਹੀ ਏ, ਨਾ ਵੈਰੀ ਕੋਈ ਬੇਗਾਨਾ ਏ ।

ਭਾਨੀ ਦੇ ਚੰਨ ਨੇ ਦੁਨੀਆਂ ਨੂੰ, ਇਕ ਨਵਾਂ ਇਸ਼ਾਰਾ ਦਿੱਤਾ ਏ ।
ਬੰਦੇ ਨੂੰ ਜੀਵਨ ਜੀਉਣ ਲਈ, ਬਾਣੀ ਦਾ ਸਹਾਰਾ ਦਿੱਤਾ ਏ ।
ਉਨ੍ਹੇ ਪਿਆਰ-ਮਾਨਵਤਾ ਏਕੇ ਲਈ, ਗੁਰੂ-ਗ੍ਰੰਥ ਨਿਆਰਾ ਦਿੱਤਾ ਏ ।
ਮੰਜ਼ਿਲ ਤੋਂ ਨਾ ਭਟਕਣ ਰਾਹੀ ਕਿਤੇ, ਰੌਸ਼ਨਾ ਓਹ ਮੁਨਾਰਾ ਦਿੱਤਾ ਏ ।

ਹੈ ਗ੍ਰੰਥ-ਗੁਰੂ ਦਾ ਗੱਦੀ ਦਿਵਸ, *ਕਿਤਨਾ ਇਹ ਸਮਾਂ ਸੁਹਾਨਾ ਏ*
ਇਸ ਨੂਰੀ ਜੋਤ ਦੇ ਨੂਰ ਅੰਦਰ, ਨਾ ਵੈਰੀ ਕੋਈ ਬੇਗਾਨਾ ਏ ॥

❄ ❄ ✵ ❄ ❄

ਭਾਗ - ਦੂਜਾ

(ਨਵ ਲੇਖਨ)

ਸਥਾਪਤ ਕਵੀਆਂ ਦੇ ਨਾਲ-ਨਾਲ,
ਕੁਝ ਨਵੀਆਂ ਕਲਮਾਂ ਨੂੰ ਉਤਸਾਹਿਤ ਕਰਨ ਲਈ
ਇਸ ਪੁਸਤਕ ਵਿਚ ਖ਼ਾਸ ਤੌਰ ਤੇ
ਕੁਝ ਕਵਿਤਾਵਾਂ ਦਿੱਤੀਆਂ ਜਾ ਰਹੀਆਂ ਹਨ,
ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ -

. . . ਸੰਪਾਦਕ

ਅਜੀਤ ਸਿੰਘ

❄ ❋ ❄

ਮਨਿੰਦਰ ਸਿੰਘ

❄ ❋ ❄

ਗਿ੦ ਲਖਵਿੰਦਰ ਸਿੰਘ

❄ ❋ ❄

ਪਰਿਚੈ - **ਅਜੀਤ ਸਿੰਘ**

ਨਾਮ	ਅਜੀਤ ਸਿੰਘ
ਪਿਤਾ	ਸ੍ਵ0 ਸ0 ਸੇਵਾ ਸਿੰਘ
ਜਨਮ	ਲਖਨਊ (1951)
ਸਿਕਸ਼ਾ	ਇੰਟਰਮੀਡਿਏਟ, ਡਿਪਲੋਮਾ ਇਨ ਮਕੈਨੀਕਲ ਇੰਜੀਨਿਯਰਿੰਗ
ਕਿੱਤਾ	ਸੈਕਸ਼ਨ ਇੰਜੀਨੀਅਰ, ਉਤਰ ਰੇਲਵੇ
ਲੇਖਨ	ਪ੍ਰਥਮ ਪ੍ਰਯਾਸ
ਪਤਾ	551ੲ/37, ਰਾਮਨਗਰ, ਆਲਮਬਾਗ, ਲਖਨਊ
ਮੈਂਬਰਸ਼ਿਪ	ਸਿੱਖ ਯੰਗਮੈਂਜ਼ ਐਸੋਸੀਏਸ਼ਨ, ਲਖਨਊ

੩੦੦ ਸਾਲ ......

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ ।
ਜਨਮ ਮਰਨ ਤੋਂ ਮੁਕਤ ਹੋ ਜਾਵੇ, ਜੋ ਇਸ ਤਾਂਈ ਵਿਚਾਰੇ ।
ਕੇਵਲ ਇਕੋ ਦੇ ਲੜ ਲਗ ਕੇ, ਹੋਰ ਸਭਨਾਂ ਤਾਂਈ ਵਿਸਾਰੇ ।
ਸਦਾ ਸਦਾ ਲਈ ਅਮਰ ਹੋ ਜਾਏ, ਜੋ ਹਰਿ ਕਾ ਨਾਮ ਉਚਾਰੇ ।

ਨਾਨਕ ਲੜ ਲੱਗ ਲਹਿਣੇ ਕਟੇ,
ਮੋਹ ਮਾਇਆ ਦੇ ਜਾਲ ....

੩੦੦ ਸਾਲ ਗੁਰੂ ਦੇ ਨਾਲ ॥

ਪ੍ਰਗਟ ਗੁਰਾਂ ਕੀ ਦੇਹ

ਗੁਰੂ ਨਾਨਕ ਲਹਿਣੇ ਨੂੰ ਬਖ਼ਸ਼ੀ, ਬਾਣੀ ਤੇ ਗੁਰਿਆਈ ॥
ਅੰਗਦ ਗੁਰੂ ਤੋਂ ਅਮਰਦਾਸ, ਫਿਰ, ਸੋਢੀ ਕੁਲ ਵਿਚ ਆਈ ॥
ਜਾਮੇ ਬੇਸ਼ਕ ਬਦਲੇ, ਪਰ ਹੈ, ਜੋਤ ਅਗੰਮੀ ਇਹ -
ਗੁਰੂ ਗ੍ਰੰਥ ਜੀ ਮਾਨਿਓ - ਪ੍ਰਗਟ ਗੁਰਾਂ ਦੀ ਦੇਹ ॥

❄ ❄ ❋ ❄ ❄

ਗੁਰੂਆਂ ਤੇ ਭਗਤਾਂ ਦੀ ਬਾਣੀ, ਸੰਤਾਂ ਤੇ ਸਾਧਾਂ ਦੀ ਬਾਣੀ ।
ਸਿੱਖਾਂ ਤੇ ਭਟਾ ਦੀ ਬਾਣੀ, ਧੰਨੇ ਜਿਹੇ ਜਟਾਂ ਦੀ ਬਾਣੀ ॥
ਗੁਰੂ ਅਰਜਨ ਕੱਠੀ ਕਰਾ ਕੇ, ਭਾਈ ਗੁਰਦਾਸ ਨੂੰ ਨਾਲ ਰਲਾ ਕੇ ।
ਗੁਰੂ ਆਸ਼ੇ ਤੇ ਗੁਰ ਚਿੰਤਨ ਸੰਗ, ਘੋਖ ਘੋਖ ਕੇ, ਸੋਧ ਕਰਾ ਕੇ ॥
ਜਗ ਤਾਰਨ ਲਈ ਰਚੀ ਬਾਣੀ, ਸਰਲ ਭਾਸ਼ਾ ਵਿਚ ਇਹ -
ਗੁਰੂ ਗ੍ਰੰਥ ਜੀ ਮਾਨਿਓ - ਪ੍ਰਗਟ ਗੁਰਾਂ ਦੀ ਦੇਹ ॥

❄ ❄ ❋ ❄ ❄

ਬਾਣੀ ਗੁਰੂ ਗੁਰੂ ਹੈ, ਬਾਣੀ ਇਸ ਬਾਣੀ ਦੇ ਵਿਚ ਸਾਰੇ
ਅੰਮ੍ਰਿਤ ਵੇਲੇ ਜਪੁ ਜੀ ਤੇ ਸੰਧਿਆ ਰਹਿਰਾਸ ਉਚਾਰੇ
ਆਸਾ ਪੂਰਕ ਵਾਰ ਆਸਾ ਦੀ - ਸੁਖਮਨੀ ਵਿਚ ਸੁਖ ਸਾਰੇ ।
ਸਲੋਕ ਸਾਰੇ ਗੁਰੂ ਨੌਂਵੇ ਪਾਤਸ਼ਾਹ, ਵਿਚ ਵੈਰਾਗ ਉਚਾਰੇ ।
ਸਹਿਜ ਅਵਸਥਾ ਝਿਮ ਝਿਮ ਵਰਸੇ ਅੰਮ੍ਰਿਤ ਵਰਗਾ ਮੇਹ ।
ਗੁਰੂ ਗ੍ਰੰਥ ਜੀ ਮਾਨਿਓ - ਪ੍ਰਗਟ ਗੁਰਾਂ ਦੀ ਦੇਹ ॥

❄ ❄ ❋ ❄ ❄

ਬਾਣੀ ਇਹ ਹੈ ਧੁਰ ਤੋਂ ਆਈ - ਜਾਣੇ ਸਭ ਲੋਕਾਈ ।
ਗੁਰਾਂ ਮੁੱਖੋਂ ਉਚਾਰੀ ਗਈ ਤਾਹੀਓਂ ਗੁਰਬਾਣੀ ਕਹਿਲਾਈ ।
ਭਗਤ ਜਨਾ ਸੰਤਾ ਦੀ ਬਾਣੀ, ਗੁਰਾਂ ਅਪਣੇ ਨਾਲ ਰਲਾਈ ।
ਕਬੀਰ ਫਰੀਦ ਰਵਿਦਾਸ ਨਾਮਦੇਵ ਧੰਨਾ, ਸਦਨਾ ਤੇ ਸੈਨ ਨਾਈ ।
ਦਸਵੇਂ ਗੁਰੂ ਨੇ ਟੇਕ ਕੇ ਮੱਥਾ ਹੁਕਮ ਕੀਤਾ ਸੀ ਇਹ -
ਗੁਰੂ ਗ੍ਰੰਥ ਜੀ ਮਾਨਿਓ - ਪ੍ਰਗਟ ਗੁਰਾਂ ਦੀ ਦੇਹ ॥

ਗੁਰ ਬਿਨ ਘੋਰ ਅੰਧਾਰ

ਗੁਰਬਾਣੀ ਜੋ ਗੁਰਾਂ ਉਚਾਰੀ ।
ਗੁਰਬਾਣੀ ਜੋ ਗੁਰਾਂ ਵਿਚਾਰੀ ।
ਗੁਰਬਾਣੀ ਵਿਚ ਤੱਤ ਨੇ ਸਾਰੇ ।
ਗੁਰਬਾਣੀ ਵਿਚ ਸੱਤ ਨੇ ਸਾਰੇ ।
ਗੁਰਬਾਣੀ ਜੋ ਧੁਰ ਤੋਂ ਆਈ ।
ਗੁਰਬਾਣੀ ਜਿਸ ਚਿੰਤ ਮਿਟਾਈ ।
ਗੁਰਬਾਣੀ ਦੇ ਲੜ ਜੋ ਲੱਗੇ ।
ਕਾਲ ਫਾਸ ਤਿਨ ਨੇੜ ਨ ਲਗੇ ।
ਜੋ ਵੀ ਕਰੇ ਇਸ ਤੇ ਵੀਚਾਰ ।
ਭਵ-ਸਾਗਰ ਤੋਂ ਹੋ ਜਾਏ ਪਾਰ ।
ਗੁਰਬਾਣੀ ਵਿਚ ਅੰਮ੍ਰਿਤ ਸਾਰੇ ।
ਗੁਰਬਾਣੀ ਵਿਚ ਦਰਸ ਦੀਦਾਰੇ ।
ਨਾਨਕ ਅੰਗਦ ਅਮਰ ਪਿਆਰੇ ।
ਰਾਮ ਦਾਸ ਸੋਢੀ ਬਲਿਹਾਰੇ ।
ਅਮਰਦਾਸ ਗੁਰੂ ਵਰ ਸੀ ਦਿੱਤਾ ।
ਦੋਹਿਤਾ ਹੈ ਬਾਣੀ ਦਾ ਬੋਹਿਤਾ ।
ਗੁਰੂ ਅਰਜਨ ਸੰਕਲਨ ਜੋ ਕੀਤਾ ।
ਭਾਈ ਗੁਰਦਾਸ ਦੇ ਹੱਥੋਂ ਲਖੀਤਾ ।
ਗੁਰਬਾਣੀ ਇਸ ਜਗ ਮਹਿ ਚਾਨਣ ।
ਨਿਤ ਸਾਰੇ ਰਲ ਮਿਲ ਕੇ ਗਾਵਣ ।
ਐਸੇ ਗੁਰ ਕੋ ਬਲ-ਬਲ ਜਾਈਏ ।
ਆਪ ਮੁਕਤ ਮੋਹਿ ਤਾਰੇ ।
ਕਾਮ ਕ੍ਰੋਧ ਨੂੰ ਠੱਲ ਜੋ ਪਾਵੇ ।
ਦੂਰ ਕਰੇ ਅੰਧਿਆਰ ।

ਕਿਉਂਕਿ - *ਜੇ ਸੌ ਚੰਦਾ ਉਗਵੈ ਸੂਰਜ ਚੜ੍ਹੇ ਹਜ਼ਾਰ ॥*
ਏਤੇ ਚਾਨਣ ਹੁੰਦਿਆਂ ਗੁਰ ਬਿਨ ਘੋਰ ਅੰਧਾਰ ॥

ਸਿੱਖ ਦਾ ਕਿਰਦਾਰ

ਇਤਿਹਾਸਕ ਜੌਹਰ - ਹਰੀ ਸਿੰਘ ਨਲੂਆ

ਅਫ਼ਗਾਨਿਸਤਾਨ ਨਾਮ ਦਾ ਇਕ ਦੇਸ਼ ਨਿਰਾਲਾ ।
ਸਦਾ ਰਿਹਾ ਅਫ਼ਗਾਨਾ ਦਾ ਜਿਥੇ ਬੋਲ ਬਾਲਾ ॥
ਯੋਧੇ ਇਕ ਤੋਂ ਇਕ ਸਨ ਗਭਰੂ ਜਿਸ ਥਾਂ ਦੇ ।
ਲਾਜ ਨ ਲਗਣ ਦੇਂਵਦੇ ਜੋ ਦੁਧ ਨੂੰ ਮਾਂ ਦੇ ॥
ਅਪਣੀ ਧਰਤੀ ਅਪਣੇ ਲੋਗ ਤੇ ਰਾਜ ਵੀ ਆਪਣਾ ।
ਹਰ ਇਕ ਨੂੰ ਪਿਆਰਾ ਹੈ ਕੰਮ ਕਾਜ ਵੀ ਆਪਣਾ ॥
ਸੀ ਗ਼ੈਰ ਕਦੀ ਕੋਈ ਪੈਰ ਨਾ, ਉਥੇ ਧਰ ਸਕਿਆ ।
ਸਦੀਆਂ ਤੀਕਣ ਪਰਾਧੀਨ ਨ ਕੋਈ ਕਰ ਸਕਿਆ ॥
ਐਸੀ ਵੀਰ ਭੂਮੀ ਤੇ ਜਿਹੀ ਝੁਲ੍ਹੀ ਨੇਰ੍ਹੀ ।
ਅਫ਼ਗਾਨਾ ਦੇ ਹੌਂਸਲੇ ਹੋ ਗਏ ਢਹਿ ਢੇਰੀ ॥
ਖ਼ਾਲਸਈ ਫ਼ੌਜਾਂ ਸਾਮਣੇ ਕੋਈ ਅੜ ਨ ਸਕਿਆ ।
ਹਰੀ ਸਿੰਘ ਨਲੂਏ ਨਾਲ ਕੋਈ ਵੀ ਲੜ ਨ ਸਕਿਆ ॥
ਪਿਆ ਹਰ ਪਾਸੇ ਬੇਖੌਫ਼ ਹੋ ਸੀ ਖ਼ਾਲਸਾ ਗਜਦਾ ।
ਅਤੇ ਹਰੀ ਸਿੰਘ ਦਾ ਢੰਕਾ ਸੀ ਘਰ ਘਰ ਵਜਦਾ ॥
ਸੀ ਬੱਚੇ ਹਰੀਆ ਰਾਗਲਾ ਦੇ ਨਾਮ ਤੋਂ ਡਰਦੇ ।
ਖੱਬੀ ਖਾਨ ਵੀ ਚੂੰ-ਚਰਾਂ ਤਕ ਨਹੀਂ ਸਨ ਕਰਦੇ ॥
ਸੀ ਹਰੀ ਸਿੰਘ ਨਲੂਆ ਛਾ ਗਿਆ ਅਫ਼ਗਾਨ ਤੇ ਸਾਰੇ ।
ਜੰਗ ਵਿਚ ਮਨੀ ਈਨ ਕਈਆਂ, ਪਰ ਕਈ ਦਿਲ ਹਾਰੇ ॥
ਨਲੂਏ ਦੀ ਇਕ ਝਲਕ ਕਈਆਂ ਦੇ ਦਿਲ ਨੂੰ ਛੂਹ ਗਈ
ਬਾਨੋਂ ਨਾਮੀ ਨਾਰ ਤਾਂ ਉਸ ਤੇ, ਆਸ਼ਕ ਹੋ ਗਈ ॥

ਫਰਿਆਦੀ ਬਣ ਕੇ ਪਹੁੰਚ ਗਈ ਨਲੂਏ ਦੇ ਸਾਹਵੇਂ ।
ਕਹਿੰਦੀ ਬੇਸ਼ਕ ਲੈ ਲਵੋ ਮੇਰੀ ਜਾਨ ਵੀ ਭਾਵੇਂ ॥

ਪਰ ਜੋ ਕੁਝ ਸੋਚ ਕੇ ਆਈ ਹਾਂ ਹਰ ਹਾਲ ਉਹ ਕਹਿਸਾਂ
ਅੰਜਾਮ ਜੋ ਇਸ ਦਾ ਹੋਵਸੀ, ਉਹ ਵੀ ਹੱਸ ਕੇ ਸਹਿਸਾਂ ॥

ਇਸ਼ਾਰਾ ਪਾ ਜਰਨੈਲ ਦਾ ਬਾਨੋ ਇੰਝ ਬੋਲੀ ।
ਤੁਹਾਡੇ ਨਾਲ ਨਿਕਾਹ ਲਈ ਹਾਂ ਅਡਦੀ ਝੋਲੀ ॥

ਅਪਣਾ ਮੈਨੂੰ ਬਣਾ ਲਵੋ ਹੈ ਮਿਨੱਤ ਮੇਰੀ ।
ਤੁਹਾਡੇ ਕਦਮਾਂ ਵਿਚ ਦਿਸੇ, ਮੈਨੂੰ ਜੱਨਤ ਮੇਰੀ ॥

ਹੋ ਹੈਰਾਨ ਜਰਨੈਲ ਕਿਹਾ ਇਹ ਤਾਂ ਨਹੀਂ ਮੁਮਕਿਨ ।
ਪੰਜਾਹ ਤੋਂ ਵੱਧ ਮੇਰੀ ਉਮਰ, ਜਦ ਕਿ ਤੂੰ ਇਕ ਕਮਸਿਨ ॥

ਵੈਸੇ ਵੀ ਮੇਰਾ ਧਰਮ ਸਮਾਜ ਤੇ ਘਰ ਵਾਲੇ ਮੇਰੇ ।
ਪੂਰੇ ਹੋਣ ਨ ਦੇਣਗੇ, ਇਹ ਇਰਾਦੇ ਤੇਰੇ ॥

ਮੈਂ ਜਰਨੈਲ ਰਣਜੀਤ ਦਾ, ਸਿੰਘ ਗੁਰੂ ਦਾ ਅਪਣੇ ।
ਅਪਣਾ ਕਾਰਜ ਛੋੜ ਕੇ ਪੁੱਠੇ ਜਾਪ ਨਹੀਂ ਜਪਣੇ ।

ਅਪਣੇ ਗੁਰੂ ਦੇ ਰਾਹ ਨੂੰ ਮੈਂ ਛੱਡ ਨਹੀਂ ਸਕਦਾ ।
ਗੁਰੂ ਕਿਰਪਾ ਦਾ ਬਿਰਖ, ਕਦੀ ਮੈਂ ਵੱਢ ਨਹੀਂ ਸਕਦਾ ॥

ਇਹ ਸਭ ਜਾਣ ਕੇ ਵੀ ਰਤਾ ਨ ਉਹ ਘਬਰਾਈ ।
ਅਪਣੀ ਗੱਲ ਤੇ ਅੜੀ ਰਹੀਂ, ਭਾਵੇਂ ਅੱਖ ਭਰ ਆਈ ॥

ਕਹਿੰਦੀ ਸੁਣਿਐ ਦਰ ਤੁਸਾ ਦੇ ਜੋ ਵੀ ਆਵੇ ।
ਕਦੀ ਨਿਰਾਸ ਨ ਹੋਏ ਤੇ ਭਰ ਝੋਲੀਆਂ ਜਾਵੇ ॥

ਨਾਨਕ ਗੁਰੂ ਦਾ ਸਿੱਖ ਨ ਦਿਲ ਕਿਸੇ ਦਾ ਤੋੜੇ ।
ਦਰ ਆਏ ਨੂੰ ਖ਼ਾਲੀ ਹੱਥ ਉਹ ਕਦੇ ਨ ਮੋੜੇ ॥

ਫ਼ਿਰ ਮੈਨੂੰ ਤੁਸੀਂ ਕਿਸ ਤਰ੍ਹਾਂ, ਨਾਂਹ ਕਹਿ ਸਕਦੇ ਹੋ ?
ਗੁਰੂ-ਮਾਰਗ ਨੂੰ ਛੋੜ, ਵੱਖ ਕਿੰਝ ਬਹਿ ਸਕਦੇ ਹੋ ॥

ਕਿਹਾ ਨਲੂਏ ਇਹ ਦਸ ਜ਼ਰਾ ਤੇਰਾ ਕੀ ਹੈ ਮਕਸਦ ।
ਮੇਰੇ ਨਾਲ ਨਿਕਾਹ ਦੀ, ਤੂੰ ਲਾਈ ਹੈ, ਕਿਉਂ ਜ਼ਿਦ ?

ਮੈਂ ਅਧਖੜ ਤੂੰ ਨਾਜ਼ਨੀਨ ਸੋਹਣੀ ਤੇ ਸੁੰਦਰ ।
ਆਖਿਰ ਤੂੰ ਕੀ ਵੇਖਿਆ ਸੱਚ ਦਸ ਮੇਰੇ ਅੰਦਰ ॥

ਬਾਨੋ ਬੋਲੀ ਕਿ ਉਮਰ ਨਹੀਂ, ਮੈਂ ਜੋਸ਼ ਹੈ ਤਕਿਆ ।
ਜਜ਼ਬਾ ਦਲੇਰੀ ਹੌਸਲਾ ਤੇ ਹੋਸ਼ ਹੈ ਤਕਿਆ ॥

ਵੈਰੀ ਦਲਾਂ ਨੂੰ ਚੀਰਦੀ ਕਿਰਪਾਨ ਹੈ ਵੇਖੀ ।
ਸਭ ਤੋਂ ਵੱਖ ਜਰਨੈਲ ਦੀ ਮੈਂ ਸ਼ਾਨ ਹੈ ਵੇਖੀ ॥

ਹਸਰਤ ਹੈ ਮੇਰੀ ਤੇਰੇ ਜਿਹਾ, ਤੈਥੋਂ ਪੁੱਤਰ ਹੋਵੇ ।
ਹਰ ਮੁਹਿੰਮ ਤੇ ਜਾ ਕੇ ਉਹਦੀ ਸ਼ਿਖਰ ਨੂੰ ਛੋਹਵੇ ॥

ਮਕਸਦ ਸੁਣ ਜਰਨੈਲ ਨੇ, ਮੰਨ ਨੂੰ ਸਮਝਾਇਆ ।
ਬਾਨੋ ਦੇ ਚਰਨੀ ਮੱਥਾ ਟੇਕ ਕੇ ਇੰਝ ਫਰਮਾਇਆ ॥

ਅੱਜ, ਮੇਰੇ ਵਰਗਾ ਤਾਂ ਮੈ ਹੀ ਹਾਂ, ਕਲ ਦਾ ਕੀ ਭਰੋਸਾ ?
ਬੇ-ਔਲਾਦੇ ਵੀ ਕਰ ਨਹੀਂ ਸਕਦੇ ਕੋਈ ਰੋਸਾ ॥

ਤੁਹਾਡੇ ਮਕਸਦ ਦਾ ਬੱਸ ਹੈ, ਇਕ ਇਹੋ ਹੀ ਉੱਤਰ ।
ਅੱਜ ਤੋਂ ਤੁਸੀਂ ਮੇਰੀ ਮਾਂ ਤੇ ਮੈਂ ਹਾਂ ਹੋਇਆ ਪੁੱਤਰ ॥

ਹੱਕੀ ਬੱਕੀ ਬਾਨੋ ਨੂੰ ਗਲ ਸਮਝ ਜਾਂ ਆਈ ।
ਖ਼ੁਸ਼ ਹੋ ਸਾਰੇ ਜੱਗ ਨੂੰ ਉਚੀ ਆਖ ਸੁਣਾਈ ॥

ਧੰਨ ਗੁਰੂ ਜਿਦਾ ਸਿੱਖ ਕਦੇ ਕਿਸੇ ਹਾਲ ਨ ਡੋਲੇ ।
ਧੰਨ ਗੁਰੂ ਜਿਦਾ ਸਿੱਖ ਕਰੇ ਉਹੀ, ਜੋ ਕੁਝ ਉਹ ਬੋਲੇ ॥

ਧੰਨ ਗੁਰੂ ਜਿਦੇ ਸਿੱਖਾਂ ਦਾ ਵਿਉਹਾਰ ਏ ਸੁੱਚਾ ।
ਧੰਨ ਗੁਰੂ ਜਿਦੇ ਸਿੱਖਾਂ ਦਾ ਕਿਰਦਾਰ ਏ ਉੱਚਾ ।

❋ ❋ ✵ ❋ ❋

ਪਰਿਚੈ - **ਮਨਿੰਦਰ ਸਿੰਘ**

ਨਾਮ	ਮਨਿੰਦਰ ਸਿੰਘ
ਪਿਤਾ	ਸ੦ ਹਰਮਹਿੰਦਰ ਸਿੰਘ
ਜਨਮ	ਲਖਨਊ
ਸਿਕਸ਼ਾ	ਬੀ.ਕਾਮ
ਕਿੱਤਾ	ਵਿਆਪਾਰ (ਗਾਰਮੈਂਟਸ)
ਸ਼ੌਕ	ਸੰਗੀਤ ਅਤੇ ਕਵਿਤਾ
ਮੈਂਬਰਸ਼ਿਪ	ਭਾਈ ਘਨਈਆ ਸੇਵਾ ਦਲ

ਕਾਵਿ ਪਰਿਚੈ

ਮੈਂ ਸੁਣਿਆ ਬਾਰਸ਼ਾਂ ਦੇ ਦੇਵਤੇ ਨੂੰ ਇੰਦਰ ਕਹਿੰਦੇ ਨੇ ।
ਸੁਰਾਂ ਵਿਚ ਜੋ ਹੈ ਪੱਕਾ ਉਸ ਤਾਈ ਸੁਰ-ਇੰਦਰ ਕਹਿੰਦੇ ਨੇ ।
ਲੱਖਾਂ ਵਿਚ ਵਿਚਰਦੈ ਜੋ, ਉਹਨੂੰ ਲਖ-ਵਿੰਦਰ ਕਹਿੰਦੇ ਨੇ ।
ਮੈਂ ਅਪਣੇ ਮੰਨ ਦੀ ਮੰਨਦਾ ਹਾਂ, ਮੈਨੂੰ ਮਨਿੰਦਰ ਕਹਿੰਦੇ ਨੇ ॥

ਸ੍ਰੀ ਗੁਰੂ ਗ੍ਰੰਥ

ਕਰਦਾ ਹੈ ਜੋ ਬੰਦਾ ਇਸ ਬਾਣੀ ਨਾਲ ਪਿਆਰ ।
ਕੇਵਲ ਪਿਆਰ ਤਕ ਨ ਹੋ ਸੀਮਤ ਇਸਤੇ ਕਰੇ ਵੀਚਾਰ ।

ਅੰਮ੍ਰਿਤ ਵਰਗੇ ਸ਼ਬਦ ਨੇ ਇਸਦੇ ਅਤੇ ਮਿਠੇ ਫਰਮਾਨ ।
ਪਰ ਹਰ ਇਕ ਨ ਸਮਝੇ ਨ ਕਰ ਸਕੇ ਪਹਿਚਾਨ ।

ਦਸ ਗੁਰੂਆਂ ਦੀ ਜੋਤ ਹੈ ਇਸ ਵਿਚ
ਅਮਰ ਜੋ ਕਰ ਦਏ ਮੌਤ ਹੈ ਇਸ ਵਿਚ ।

ਇਕੱਤੀ ਰਾਗਾਂ ਵਿਚ ਦਰਜ ਹੈ ਕੀਤੀ ਗੁਰੂ ਅਰਜਨ ਜੀ ਬਾਣੀ ।
ਕਲਯੁਗ ਵਿਚ ਕਿਸੇ ਵਿਰਲੇ ਨੇ ਹੀ ਰਮਜ਼ ਇਹਦੀ ਪਹਿਚਾਣੀ ।

ਗੁਰੂਆਂ ਭਗਤਾਂ ਭਟਾਂ ਦੀ ਬਾਣੀ ਦਾ ਇਹ ਗ੍ਰੰਥ ਹੈ ਸਾਝਾਂ ।
ਹੈ ਉਹ ਅਭਾਗਾ ਜੋ ਇਸ ਦੇ ਉਪਦੇਸ਼ਾਂ ਤੋਂ ਰਹੇ ਵਾਂਝਾ ।

ਅੰਤ ਸਮੇਂ ਗੁਰੂ ਕਲਗੀਆਂ ਵਾਲੇ ਮੁੱਖੋਂ ਸੀ ਇੰਝ ਫਰਮਾਇਆ ।
ਅੱਜ ਤੋਂ ਬਾਦ ਐ ਸਿੱਖੋ ਤੁਹਾਨੂੰ ਸ਼ਬਦ-ਗੁਰੂ ਲੜ ਲਾਇਆ ।

ਆਗਿਆ ਭਈ ਅਕਾਲ ਕੀ ਤਭੈ ਚਲਾਇਉ ਪੰਥ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ।

❄ ❄ ❄ ❄ ❄

ਖ਼ਾਲਸਾ

ਪਰਮਾਤਮਾ ਦਾ ਰੂਪ ਖ਼ਾਲਸਾ ।
ਸਿੱਖੀ ਦਾ ਸ੍ਵਰੂਪ ਖ਼ਾਲਸਾ ॥
ਨਿਸਹਾਏ ਦਾ ਹਥਿਆਰ ਖ਼ਾਲਸਾ ।
ਦੁਸ਼ਮਨ ਲਈ ਤਲਵਾਰ ਖ਼ਾਲਸਾ ॥
ਅਕਾਲ ਪੁਰਖ ਦੀ ਫ਼ੌਜ ਖ਼ਾਲਸਾ ।
ਪਰਮਾਤਮ ਦੀ ਮੌਜ ਖ਼ਾਲਸਾ ॥
ਸੱਚ ਦਾ ਧਾਰਨਹਾਰ ਖ਼ਾਲਸਾ ।
ਸੁੱਚ ਦਾ ਪਾਲਨਹਾਰ ਖ਼ਾਲਸਾ ॥
ਗਿਦੜੋ ਬਣ ਕੇ ਸ਼ੇਰ ਖ਼ਾਲਸਾ ।
ਗਜਿਆ ਹਰ ਥਾਂ ਫ਼ੇਰ ਖ਼ਾਲਸਾ ॥
ਵੈਰੀ ਪਿੱਛੇ ਲੱਗੇ ਖ਼ਾਲਸਾ ।
ਕੁਰਬਾਨੀ ਵਿਚ ਅੱਗੇ ਖ਼ਾਲਸਾ ॥

ਪਰ ਅੱਜ,

ਨਸ਼ਿਆਂ ਵਿਚ ਡੁਬ ਗਿਆ ਖ਼ਾਲਸਾ ।
ਸ੍ਵਾਰਥਾਂ ਵਿਚ ਖ਼ੁਬ ਗਿਆ ਖ਼ਾਲਸਾ ॥
ਅੰਮ੍ਰਿਤ ਵੇਲਾ ਖੁੰਜਾ ਖ਼ਾਲਸਾ ।
ਰਹਰਾਸਿ ਸੋਹਿਲਾ ਭੁਲਾ ਖ਼ਾਲਸਾ ॥
ਫੈਸ਼ਨਾ ਪਿੱਛੇ ਲਗਾ ਖ਼ਾਲਸਾ ।
ਭੁਲ ਗਿਆ ਪਿੱਛਾ ਅਗਾ ਖ਼ਾਲਸਾ ॥
ਪਰ ਹਿਤ ਵੀ ਭੁਲ ਗਿਆ ਖ਼ਾਲਸਾ ।
ਸੱਚ ਪੁੱਛੋ ਰੁਲ੍ਹ ਗਿਆ ਖ਼ਾਲਸਾ ॥
ਕਦੇ ਸੀ ਗੁਰੂ ਦੀ ਜਾਨ ਖ਼ਾਲਸਾ ।
ਕਦੇ ਸੀ ਗੁਰੂ ਦੇ ਪ੍ਰਾਨ ਖ਼ਾਲਸਾ ।
ਕਰਦੈ ਮੁੜ ਅਰਦਾਸ ਖ਼ਾਲਸਾ ।
ਆਪਣਾ ਬਣਾ ਲੈ ਦਾਸ ਖ਼ਾਲਸਾ ॥

ਪਰਿਚੈ - *ਗਿ੦ ਲਖਵਿੰਦਰ ਸਿੰਘ*

ਨਾਮ	ਗਿਆਨੀ ਲਖਵਿੰਦਰ ਸਿੰਘ
ਜਨਮ	1.05.1980, ਰਾਮਪੁਰ, ਉੱਤਰ ਪ੍ਰਦੇਸ਼
ਪਿਤਾ	ਸ੦ ਗੁਰਨਾਮ ਸਿੰਘ
ਸ਼ਿਕਸ਼ਾ	ਬੀ.ਏ, (ਡਿਪਲੋਮਾ ਸਿੱਖ ਮਿਸ਼ਨਰੀ ਕਾਲਜ)
ਕਿਤਾ	ਧਰਮ ਪ੍ਰਚਾਰ
ਪ੍ਰਧਾਨ	ਰਾਗੀ ਗ੍ਰੰਥੀ ਗੁਰਮਤਿ ਕੀਰਤਨ ਕੌਂਸਲ
ਸੰਸਥਾਪਕ	ਗੁਰਮਤਿ ਪ੍ਰਸ਼ਨੋਂਤਰੀ ਮੰਚ ਅਤੇ ਭਾਈ ਘਨਈਆ ਸੇਵਾ ਦਲ, ਆਲਮਬਾਗ
ਸੰਪਰਕ	ਸ੍ਰੀ ਗੁਰੂ ਸਿੰਘ ਸਭਾ, ਆਲਮਬਾਗ, ਲਖਨਊ । ਮੋ੦ 9899332269

ਸੱਚਾ ਹਿਰਦਾ - ਰੱਬ ਦਾ ਘਰ

ਹਰ ਇਕ ਹਿਰਦਾ ਹੈ ਸੱਚਾ ਘਰ ਰੱਬ ਦਾ
ਸੱਚੀਆਂ ਗਲਾਂ ਇਥੇ ਚੰਗੀਆਂ ਲਗਦੀਆਂ ਨੇ ।
ਈਰਖਾ, ਝੂਠ, ਮੱਕਰ, ਛਲ, ਫ਼ਰੇਬ, ਨਿੰਦਾ,
ਬਾਤਾਂ ਇਹੋ ਜਹੀਆਂ, ਰਤਾ ਨ ਫ਼ਬਦੀਆਂ ਨੇ ।
ਪ੍ਰਭੂ ਦੀ ਆਮਦ ਲਈ ਰੌਸ਼ਨ ਜੋ ਹੋਏ ਹਿਰਦਾ,
ਜੋਤਾਂ ਪ੍ਰੇਮ ਦੀਆਂ ਉਸ ਵਿਚ ਜਗਦੀਆਂ ਨੇ ।
ਦਯਾ ਖਿਮਾ ਤਿਆਗ ਸੰਗ ਸੇਵਾ ਸਿਮਰਨ,
ਵਾਂਗ ਹੜ ਦੇ ਉਸ ਥਾਂ ਵਗਦੀਆਂ ਨੇ ।
ਸੱਚੇ ਸੁੱਚਿਆਂ ਦੀ ਜਿਸ ਥਾਂ ਜੁੜੇ ਸੰਗਤ,
ਪ੍ਰਭੂ ਪ੍ਰੀਤਮ ਦਾ ਉਸ ਥਾਂ ਵਾਸ ਹੁੰਦੈ ।
ਉਂਝ ਤਾਂ ਰਬ ਪਿਆਰਦੈ ਸਾਰਿਆਂ ਨੂੰ,
ਸੁੱਚਾ ਹਿਰਦਾ ਪਰ ਪ੍ਰਭੂ ਲਈ ਖ਼ਾਸ ਹੁੰਦੈ ।

ਇਹ ਬਾਣੀ

ਹੈ ਅਰਸ਼ੀ ਨੂਰ ਦਾ ਸੁੰਦਰ ਤੇ ਸੋਹਣਾ ਰੂਪ ਇਹ ਬਾਣੀ ।
ਗੁਰਾਂ ਦੇ ਮੁਖ ਚੋਂ ਨਿਕਲੀ ਹੈ, ਤਾਹਿਓਂ ਕਹਿਲਾਈ ਗੁਰਬਾਣੀ ॥

ਇਹ ਸੁੱਚੀ ਹੈ ਇਹ ਸੱਚੀ ਹੈ ਕਰੇ ਇਹ ਗਲ ਵੀ ਸੱਚੇ ਦੀ -
ਤਾਹਿਓਂ ਤੇ ਸਚਿਆ ਤੇ ਹੀ ਹੈ ਨਾਜ਼ਲ ਹੁੰਦੀ ਇਹ ਬਾਣੀ ॥

ਸ਼ਬਦ ਬਾਣੀ ਦੇ ਹੀਰੇ ਲਾਲ ਰਤਨਾ ਤੋਂ ਵੀ ਸੋਹਣੇ ਨੇ -
ਸਾਗਰ ਗਿਆਨ ਦਾ ਤੇ ਖਾਨ ਜਵਾਹਿਰਾਂ ਦੀ ਵੀ ਇਹ ਬਾਣੀ ॥

ਜੋ ਸੁਣਦਾ ਪੜਦਾ ਮੰਨਦਾ ਹੈ ਤੇ ਨਾਲੇ ਅਮਲ ਵੀ ਕਰਦੈ -
ਉਹ ਨੂਰੋ-ਨੂਰ ਹੋ ਕੇ ਆਪ ਹੀ ਬੁਣ ਜਾਂਦੈ ਇਹ ਬਾਣੀ ॥

ਠਗਾਂ ਦੇ ਕੱਨੀ ਪੈ ਕੇ ਇਹ ਬਣਾ ਦਿੰਦੀ ਹੈ ਸੱਜਣ ਵੀ -
ਤੇ ਜਾਬਰ ਨੂੰ ਬਣਾ ਸਾਬਰ ਝੁਕਾ ਲੈਂਦੀ ਹੈ ਇਹ ਬਾਣੀ ॥

ਗੁਰਾਂ ਨਾਲ ਗੱਲਾਂ ਉਹ ਕਰਦੈ ਜੋ ਲਾਕੇ ਮੰਨ ਪੜੇ ਇਸ ਨੂੰ -
ਉਹ ਸਿੱਖ ਗੁਰੂ ਤੇ ਗੁਰੂ ਨੂੰ ਸਿੱਖ ਬਣਾ ਦਿੰਦੀ ਹੈ ਇਹ ਬਾਣੀ ॥

ਕਾਮ ਕ੍ਰੋਧ ਲੋਭ ਮੋਹ ਦੀ ਵਰਤੋਂ ਕਿੰਝ ਕਰਨੀ ਹੈ ਇਹ ਦੱਸੇ -
ਮਾਰ ਅਹੰਕਾਰ ਪ੍ਰਭੂ ਸੰਗ ਇਕ-ਮਿਕ ਕਰਾ ਦਿੰਦੀ ਹੈ ਇਹ ਬਾਣੀ ॥

ਆਵਹੁ ਸਿੱਖ ਸਤਿਗੁਰ ਕੇ ਪਿਆਰਿਓ - ਗਾਵਹੁ ਸੱਚੀ ਬਾਣੀ ।
ਬਾਣੀ ਤਾਂ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ, ਇਹ ਬਾਣੀ ॥

❄❄✳❄❄

ਪਟਨੇ ਤੋਂ ਅਬਚਲ ਨਗਰ

ਰੱਬੀ ਮਿਹਰ-ਹਿੰਮਤ ਦੇ ਸਦਕੇ, ਪਟਨੇ ਵਿਚ ਪ੍ਰਕਾਸ਼ ਸੀ ਹੋਇਆ ।
ਧਰਤੀ ਮਹਿਕਾਂ ਵੰਡਣ ਲਗੀ, ਨੂਰੋ-ਨੂਰ ਆਕਾਸ਼ ਸੀ ਹੋਇਆ ॥

ਮਾਂ ਗੁਜਰੀ ਗੁਰੂ ਤੇਗ਼ ਦੇ ਵੇਹੜੇ, ਆਣ ਰੌਣਕਾਂ ਡੇਰੇ ਲਾਏ ।
ਮਾਮਾ ਕ੍ਰਿਪਾਲ ਜੀ ਪਾਸੋਂ ਅਜ ਤਾਂ, ਖ਼ੁਸ਼ੀ ਰਤਾ ਨ ਸਾਂਭੀ ਜਾਏ ॥

ਬਾਲ ਗੋਬਿੰਦ ਦਾ ਰੂਪ ਧਾਰ ਕੇ, ਧਰਤੀ ਉਪਰ ਹਰਿ ਜੀ ਪੁੱਜੇ ।
ਪੱਛਮ ਵੱਲ ਕੁਝ ਹਲ ਚਲ ਹੋਈ, ਭੀਖਨ ਆਇਆ ਲੈ ਦੋ ਕੁੱਜੇ ॥

ਦੁਧ ਤੇ ਪਾਣੀ ਪਾ ਕੁੱਜਿਆਂ ਵਿਚ, ਭੀਖਨ ਨੇ ਅਜ਼ਮਾਨਾ ਚਾਹਿਆ ॥
ਬਾਲਕ ਨੇ ਸ਼ੰਕਾ ਨਿਵ੍ਰਤ ਕਰ, ਉਸ ਤਾਂਈ ਸੱਚਾ ਰਾਹ ਵਿਖਾਇਆ ॥

ਰਾਮ ਭਗਤ ਸੀ ਸ਼ਿਵਦਤ ਪੰਡਤ, ਮਿਲੇ ਉਸ ਨੂੰ ਰਾਮ ਰੂਪ ਹੋ ।
ਰਾਣੀ ਮੈਣੀ ਦੀ ਗੋਦ ਭਰੀ ਇੰਝ ਜਿਵੇਂ ਭਰੇ ਕੋਈ ਪੁਤ ਸਰੂਪ ਹੋ ॥

ਬਾਲ ਹਾਣੀਆਂ ਨੂੰ ਹਰ ਪੱਖੋਂ, ਜੀਵਨ ਜੁਗਤ ਦੀ ਰਾਹ ਵਿਖਾਈ ।
ਆਉਣ ਵਾਲੇ ਔਖੇ ਵੇਲੇ ਲਈ, ਕੀਤੀ ਬਚਪਨ ਵਿਚ ਸਿਖਲਾਈ ॥

ਕੇਵਲ ਨੌਂ ਕੁ ਹੀ ਵਰ੍ਹਿਆਂ ਦੀ, ਉਮਰ ਤਾਂ ਨਿਕੀ ਜਹੀ ਸੀ ਹਾਲੀ ।
ਧਰਮ ਹੇਤ ਗੁਰ ਪਿਤਾ ਗਏ ਤਾਂ, ਥਾਂ ਉਹਨਾਂ ਗੁਰ ਗੱਦੀ ਸੰਭਾਲੀ ॥

ਪਟਨੇ ਤੋਂ ਆਨੰਦ ਪੁਰੀ ਤੇ ਫੇਰ ਉਥੋਂ ਜਮਨਾ ਦੇ ਕੰਡੇ ।
ਹਰ ਇਕ ਥਾਂ ਤੇ ਗਡਦੇ ਰਹੇ, ਸਦਾ ਹੀ ਮੇਹਰਾਂ ਵਾਲੇ ਝੰਡੇ ।

ਨਾਮ ਜਪਾਇਆ, ਜੰਗਾਂ ਲੜੀਆਂ ਸਾਹਿਤ ਦਾ ਪ੍ਰਸਾਰ ਵੀ ਕੀਤਾ ।
ਸਭ ਤੋਂ ਵੱਧ ਕੇ ਦੁਨਿਆ ਖਾਤਰ, ਖ਼ਾਲਸਾ ਪੰਥ ਤਿਆਰ ਸੀ ਕੀਤਾ ॥

ਦੇਸ਼ ਕੌਮ ਦੀ, ਸਦਾ ਸਦਾ ਲਈ ਜਿਸ ਨੇ ਕਰਨੀ ਸੀ ਅਗਵਾਈ ।
ਦਮਦਮੇ ਪਹੁੰਚ ਕੇ ਦਸਮ ਪਾਤਸ਼ਾਹ, ਮੁੜ ਕੇ ਬੀੜ ਸੀ ਉਹ ਲਿਖਵਾਈ ॥

ਸਭ ਪਰਿਵਾਰ ਵਾਰ ਕੇ ਜਿਸ ਦਮ, ਅਬਚਲ ਨਗਰ ਸੀ ਸੱਦਾ ਆਇਆ ।
ਗੁਰ ਗੱਦੀ ਦੇ, ਮੱਥਾ ਟੇਕ ਕੇ ਦਸਮ ਗੁਰਾਂ ਸੀ ਇੰਜ ਫਰਮਾਇਆ ॥

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥

तीसरा भाग

(हिन्दी)

श्री गुरू ग्रन्थ साहिब जी की गुरता गद्दी दिवस
की तीसरी शती के संबंध में कतिपय जानकारी
पंजाबी न जानने वालों को भी प्राप्त हो इस हेतु
15-20 पृष्ठों की सामग्री हिन्दी पाठकों के लिए प्रकाशित
करने में हमें हर्ष की अनुभूति हो रही है।

— *संपादक*

इस भाग में —

त्रिलोचन सिंह 'चन' लखनवी

❄ ✺ ❄

हरमहिन्दर सिंह 'दीवाना'

❄ ✺ ❄

डा० शिव भजन 'कमलेश'

❄ ✺ ❄

नन्द कुमार मनोचा 'वारिज'

❄ ✺ ❄

परिचय - *'कवि चन जी'*

नाम	त्रिलोचन सिंह 'चन' लखनवी
पिता	स्व० सरदार सेवा सिंह
जन्म	1940 रावलपिण्डी, (पाकिस्तान)
विद्या	बी.काम. (लखनऊ विश्वविद्यालय)
आजीविका	सेवा निवृत्त, स० लेखाधिकारी, उ.प्र. राजस्व परिषद
प्रकाशित पुस्तकें	1. तिन छोहा तिन रंग (पंजाबी कविताएँ) 2. त्रिवेणी (हिन्दी-उर्दू-पंजाबी), काव्य संग्रह 3. डा० भीम राव अम्बेडकर (संस्मरण)
सहयोगी कवि	काव्याकाश, चेतना के गीत, कविता बदलते संदर्भ हस्तलिपि एवं हस्ताक्षर ढाई आखर 'क्रमशः नवोदित साहित्य परिषद, चेतना साहित्य परिषद प्रतिष्ठा साहित्य परिषद
सम्मान	चेतना साहित्य परिषद लखनऊ द्वारा 'चेतना रत्न' से सम्मानित
सम्पर्क	551झ/28(56), रामनगर, आलमबाग, लखनऊ फोन : 9415469266

जागत स्वरूप श्री गुरू ग्रन्थ साहिब

ऋणी है जहान सारा श्री गुरु अरजन का
जिन्होंने यह नाम वाला ग्रन्थ रचाया है।
रचाया है बनाया है इसी के आधार पर
बड़े बड़े पापियों को देवत्व सिखाया है।
सिखाया है पढ़ाया है सारी है सृष्टि को
परम आनन्द वाला मार्ग भी दिखाया है।
दिखाया है जगाया है सोई हुई दुनिया को
अन्ध व अंधेर वाला पर्दा हटाया है।
सारा अध्यात्म इकट्ठा कर श्री जी ने
नाम बाणी वाला जो यह ग्रन्थ बनाया है।
दसम गुरू देव जी ने सौंप गुरु गद्दी 'चन'
जागत स्परूप गुरू ग्रन्थ प्रकटाया है।

सुखमनी सुख अमृत प्रभु नाम
भगत जना के मन बिसराम।

जिन के मन में बसी सुखमनी
वह आनन्दित सुबह-ओ-शाम।
जिस ने मरम पहचाना इसका
स्वर्ग लगे उन को हर धाम।
हर शलोक अस्टपदी में खोजें
वह उस प्रभु का ही पैग़ाम।
बालक बन कर जपें वह हर दम
एक पिता का केवल नाम।
ब्रह्म मूहर्त में नित उठ कर
पीयें वह भर भर अमृत जाम।
सुखमनी सुख अमृत प्रभु नाम,
भगत जना के मन बिसराम।

❄ ❄ ❄ ❄ ❄

सम कर जाने दुख सुख दोनों
किसी से बैर विरोध न माने।
सुखमनी के रंग में रंगे जो
हरि प्राणी में हरि पहचाने।
हर दिन जीवन में जो घटित हो,
उस ईश्वर की रज़ा वो जाने।
परमानन्द में लीन हुए सब,
जिन कें हिये में राम समाने।
गुरुवाणी की ओट है जिनको
उन को लगे, छाँव न घाम।
हर दम जिन की रसना जपती
सुखमनी सुख अमृत प्रभु नाम,
भगत जना के मन बिसराम।

❄ ❄ ❄ ❄ ❄

जब भी चलेगी बात शहादतों की
सर्वप्रथम सब लेंगे नाम तेरा

गुरू अरजन के पोते ऐ नौंवे सतगुरू
कैसे भूलेगा कोई बलिदान तेरा।
जब भी पहुँचा कोई आस ले दर तेरे
खाली गया न कभी मेहमान तेरा।
दुश्मन सज्जन हर कौम हर मज़हब वाले
दिन रात है करते गुण गान तेरा।
सदियाँ बीती कई आए और गए कितने
सदा बढ़ता ही गया सम्मान तेरा।
'हिन्द' की चादर' कहलाए दे सीस अपना
ऐसा दिलो में बना मुकाम तेरा।
जब भी चलेगी बात शहादतों की
सर्वप्रथम सब लेंगे नाम तेरा।।

* * * * *

औरंगजेब के जुल्मों से तंग आकर
कश्मीरी पंडित कुछ तेरी सरकार पहुँचे।
रो रो दुखड़ा अपना बयान करने,
कृपा राम संग सभी लाचार पहुँचे।
जनेऊ पहनना जिनका हुआ मुश्किल
बिना तिलक के हो बेज़ार पहुँचे।
एक आशा की किरन थी दिखी उन को
इसीलिए सब तेरे दरबार पहुँचे।
सीस दिया जिस जगह पर आज 'चन' वह
है चारों धाम सा सीस गंज धाम तेरा।
जब भी चलेगी बात शहादतों की
सर्वप्रथम सब लेंगे नाम तेरा।।

* * * * *

चौथा कारण

(चाणक्य नीति को चुनौती)

कई सदियो से हम
यह सुनते आ रहे हैं
कि प्रत्येक झगड़े, लड़ाई या युद्ध के
बस तीन ही करण होते हैं,
जऱ, जोरु और ज़मीन।
उक्त कथन की पुष्टि में
चाणक्य ने तो यहाँ तक कह दिया
कि किसी लड़ाई का
कोई चौथा कारण हो ही नहीं सकता ?
कई सौ वर्षों से लगभग सभी
चाणक्य के इस कथन को
पत्थर पे लकीर की तरह
ठीक मानते चले आ रहे हैं
किन्तु-आज यदि कहीं चाणक्य मिल जाय
तो आज का इतिहास खोजी एवं शोधकर्त्ता
उसे लगभग साढ़े तीन सौ वर्ष
पीछे ले जा कर पूछ सकता है।
कि ऐ 'चाणक्य नीति' के लेखक महोदय,
जऱा बताएँ कि आप
गुरू गोबिन्द सिंह एवं उनके पूर्वज गुरूओं को
किस श्रेणी में रखेंगे,

जिन्होंने केवल

हक़, गरीबों, निःसहाय एवं मज़लूमों

की रक्षा हेतु कितने ही युद्ध किए,

कितनी ही लड़ाईयाँ लड़ी

क्या यह चौथा कारण नहीं था ?

उनके द्वारा लड़ी गई

किसी भी लड़ाई का कारण

न ज़र था, न जोरु न ही ज़मीन था।

वह तो फ़कीर थे

वह तो सन्त थे

किन्तु साथ ही सिपाही भी थे।

सिपाही भी ऐसे, जो

जब भी लड़े

बस चौथे कारण हेतु ही लड़े।

❄ ❄ ❄ ❄ ❄

परिचय - *'दीवाना जी'*

नाम	हरमहिन्दर सिंह दीवाना
पिता	स्व० स० नानक सिंह
जन्म	1946 रावलपिण्डी, (पाकिस्तान)
विद्या	हाईस्कूल
शौक	मिमिकरी, तबला वादन, शे़यरो-शा़यरी
सम्मान	• शिरोमणि गुरूद्वारा प्रबन्धक कमेटी द्वारा 2002 में • साकिब ऐजुकेशनल सोसाइटी द्वारा कौमी एकता अवार्ड 2004

❄ ❄ ❄ ❄ ❄

न बैरी कोई बेगाना है

इस ग्रन्थ गुरू की बाणी का, यही मकसद यही निशाना है।
बस एक ही मालिक सब का है, उसका ही कुल ज़माना है।
जहाँ नाम नशा ही मिलता है, गुरू बाणी वो मैख़ाना है।
ये ग्रन्थ गुरू वो साक़ी है, जिसका हर शब्द पैमाना है।
जिसे नाम की मस्ती चढ़ जाए, वो हो जाता दीवाना है।
फिर उसके लिए इस दुनिया में, न बैरी कोई बेगाना है।
ये ग्रन्थ गुरू वो रहबर है, प्रभु-ज्ञान की राह बताते हैं।
मन जिससे रौशन हो जाए, ये ऐसी शमअ जलाते हैं।
रीठे को मीठा करते हैं, ठगों को सज्जन बनाते हैं।
बाबर को नाम खुमारी का, ये अमरित जाम पिलाते हैं।
टकसाल है सच्चे शब्दों की, सच्चे का सच ख़ज़ाना है।
है नूर सभी इक अल्लाह के, न बैरी कोई बेगाना है।

गुरू-ग्रन्थ है पूँजी सिक्खों की, पर औरों की जागीर भी है।
दिल जिसमें सब के बन्ध जाएं, ये प्यार की वो जंजीर भी है।
गर परमानन्द कोई पंडित है, तो साथ ही भगत कबीर भी है।
गर सदना एक कसाई है, तो सय्यद भीकन पीर भी है।

सब यार हैं बाबा नानक के, वो बाला या मरदाना है।
अपने ही अपने दिखतें हैं, न बैरी कोई बेगाना है।

ये बाणी उसकी बाणी है, यब शबद-श्लोक बिन मोल के हैं।
रविदास कही 'प' गाते हैं, पीपा जी कही 'प' बोलते हैं।
जै-देव-सैण और नाम देव, प्रभु-प्रेम के भेद को खोलते हैं।
धन्ना कहीं आरता गाता है, रस कहीं फरीद जी घोलते हैं।

भाटों के कहीं सवय्ये हैं, और डोम का कहीं तराना है।
सब धरम वरन है एक हुए, न बैरी कोई बेगाना है।

तस्वीर है दिल में नानक की, गौतम से मुहब्बत करते हैं।
हम आशिक़ राम और कृष्ण के है, ईसा से उल्फ़त करते हैं।
है प्यार दिलों में सब के लिए, इस्लाम की इज्ज़त करते हैं।
हम गुरू ग्रन्थ के ख़ादिम है, इन्सान की ख़िदमत करते हैं।

हिन्दू-मुस्लिम सब अपने हैं, सबसे अपना याराना है।
सब में ही नूर खुदा का है, न बैरी कोई बेगाना है।

गुरू अरजन दाता दुनिया को, इक नया इशारा दे के गया।
इन्सानी-जीवन जीने को, बाणी का सहारा दे के गया।
वो इक ओंकार समझने को, गुरु ग्रन्थ न्यारा दे के गया।
मन्ज़िल से न भटकें राही कही, रौशन वो मीनार देके गया।

है ग्रन्थ गुरू का गद्दी दिवस, कितना ये समा सुहाना है।
हर दिल से ये आवाज़ उठी, न बैरी कोई बेगाना है।।

❄ ❄ ❄ ❄ ❄

भगत कबीर

तेरी बाणी ने रौशनी वो बख़्शी, वहम्, भ्रम, पाखण्ड सब परे हो गए।
तेरे शबदों की रिम झिम हुई ऐसी, सूखे खेत मुहब्बत के हरे हो गए।
जूझ मरने के गीत जब गाए तूने, जिन्दा-दिल, वो फिर से मरे हो गए।
तेरे दर 'प' झुका है, सर जिनका, उनके खोटे मुकद्दर भी खरे हो गए।

ज़ात-पात के बन्धन तोड़ डाले।
हिन्दू-मुस्लिम के झगड़े निबेड़ डाले।।
झीनी-बीनी चदरिया बुनी ऐसी।
सारे झूठ के बखिए उधेड़ डाले।।

पाक-मुकद्दस है, मगहर की वो धरती, जहाँ ज़िन्दा है चमत्कार तेरा।
एक हिस्से में बनी समाधि तेरी। एक हिस्से में बना मज़ार तेरा।
हिन्दू करे पूजा, मुस्लिम करे सजदा, रुत्बा दोनों को है स्वीकार तेरा।
गुरू ग्रन्थ 'प' जब भी नज़र डालें, हो जाता है हमें दीदार तेरा।

दीन-धरम से ऊँची है ज़ात तेरी,
ज़ात-पात में जात अल्लाह तेरी।
सच्चा तू तेरा किरदार सच्चा
तेरे सच की वाणी गवाह तेरी।।

छोटे बड़ों के दिलो 'प' राज़ जिसका, बिना ताज के वो सुल्तान है तू।
रामानन्द ने सच ही कहा आख़िर, भगत-भगतों का, भगत भगवान है तू।
चहक ज़िन्दगी की, महक बन्दगी की, जहाँ बसती है, वो जहान है तू।
तेरे पास गंगा, तेरा मन गंगा, गिआन-गंगा का रौशन निशान है तू।

शबद तेरा, कबीर जब कोई गाए।
मन के वलवले नाचे हैं मोर बन के।
चन्द्रमा सच के, ये है बात सच्ची,
दुनिया पूजे है, तुझे चकोर बन के।

बे-मिसाल है, नहीं मिसाल तेरी, खुद ही शमआ, शमअ-दान भी खुद।
तू है शबद और शबद का अर्थ खुद ही, अपने शबद की लय और तान भी खुद।
साथी तू हर दुखी ग़रीब का है, उसकी शान भी खुद, उसकी आन भी खुद।
तेरे सामने लोक-परलोक है क्या ? ये जहान भी खुद, वो जहान भी खुद।

तुझे पीर, फ़कीर, कबीर कह दूँ,
या मैं तुझको शाह-सुल्तान कह हूँ।
मैं 'दीवाना' हूँ सोच में खुद ऐसा,
भगत कह हूँ या भगवान कह दूँ।।

❄ ❄ ❄ ❄ ❄

परिचय - 'कवि कमलेश जी'

नाम	शिव भजन कमलेश
पिता	स्व० श्री छोटे लाल
जन्म	22 जनवरी 1941 (कानपुर)
शिक्षा	एम.ए. (हिन्दी)
व्यवसाय	सेवा निवृत्त, अध्यापक
विशेष	कई पुस्तकें प्रकाशित, सम्पादक कार्य, कई स्थानों पर विभिन्न अलंकरणों द्वारा सम्मानित, स्थापित गीतकार
पता	558/27ग, सुन्दर नगर, आलमबाग, लखनऊ फोन : (0522) 2456468

काव्य परिचय

जनपद मेरा कानपुर और मखौली ग्राम।
जन्म हुआ ननिहाल में, बारम्बार प्रणाम।।
सन् इकतालिस जनवरी थी बाइस तारीख।
तब से ही मिलने लगी, खट्टी-मीठी सीख।।
सन् चौवन से लेखनी, बढ़ी काव्य की ओर।
बाल्यावस्था पारकर जब मैं हुआ किशोर।।
अम्ब शारदे की कृपा, फलने लगी विशेष।
मूल नाम से जुड़ गया एक शब्द 'कमलेश'।।
'गीतकार श्रंगार के', यही बनी पहचान।
धीरे-धीरे आ गया, फिर समाज का ध्यान।।
प्रेम-गीत संग्रह छपा, प्रथम 'प्रणय के पाँव'।
चौदह वर्षों बाद फिर, छपा 'गीत के गाँव'।।
गीत, छन्द, मुक्तक, ग़ज़ल को रख लिया सँभाल।
'शब्द नहीं माने', छपा ठीक दूसरे साल।।
कवि-मित्रों की प्रेरणा, शब्दों का सहयोग।
गद्य-पद्य के क्षेत्र में, चलते रहे प्रयोग।।
आत्म तुष्टि में जो लिखा, क्षमता के अनुसार।
'नाम' स्वयं करने लगा, प्रान्त-प्रान्त को पार।

श्री गुरु ग्रन्थ साहिब

श्री गुरू ग्रन्थ साहिब को पढ़ो, सद्ज्ञान पाओगे
नज़र बदलेगी, हर इंसान में भगवान पाओगे।
करिश्मा इस तरह होगा, बनेगा मोम जैसा दिल
सुधर जायेगा ये जीवन, सदा सम्मान पाओगे।

है इसमें सिक्ख गुरूओं, मान्य सन्तों की अमर वाणी
पिघल जाता है जिसे सुनकर, हृदय हो क्यों न पाषाणीं।
पदों के रूप हैं सुन्दर, बँधे सुर, ताल, साज़ों पर
सुनो दरबार में जा कर, जगेंगे भाव कल्याणी।

अनूठा है यह गुरू-ग्रन्थ जिसमें है विपुल क्षमता
जगाता है सभी में प्रेम, श्रद्धा, भक्ति औ' ममता।
खिले हैं फूल सन्तों के, सभी धर्मों की खुशबू है,
गुलिस्ताँ एक है ऐसा, नहीं जिसकी कहीं समता।

जपो गुरु-मंत्र, सारे दुख जलाकर छार कर देगा।
करो सुमिरन, झुकाओ सर, तो अपना प्यार भर देगा।
उसी के नूर को देखो, वही कल्याण करता है,
एक ओंकार ही करतार, बेड़ा पार कर देगा।।

❄ ❄ ✲ ❄ ❄

दोहे

जगत गुरु गुरु नानक

सीख यही देते रहे, गुरु नानक महाराज।
नेक बनो, नेकी करो, सुन्दर बने समाज।।

मन हलवाहा कर्म कृषि और नम्रता तोय।
देह खेत में बीज प्रभु, उपज तुष्टि की होय।।

लोभ अहम् से जल रहा, यह सारा संसार।
गुरु नानक क्यों देखते, सिर्फ़ एक परिवार।।

भूखे को भोजन मिले, सन्तों को सत्कार।
दौलत है सच्ची वही, करे सदा उपकार।

वाहिगुरू जी आपने, किया जगत-कल्यान।
पैगम्बर के रूप में, बाँट गए गुरु-ज्ञान।।

हिन्दू-मुस्लिम बीच में, पड़ने दी न दरार।
गले लगा कर खुद चले, बही प्रेम-रस-धार।।

जो देखा, जिस धर्म में, छिपा अन्ध विश्वास।
अपने सुन्दर तर्क से, करा दिया अहसास।।

मेहनत की रोटी मिले, सदा रहे मन साफ़।
अनजाने की भूल को, मालिक करता माफ़।।

दिए आपने जगत को, बहुतेरे उपदेश।
ज्ञान-भक्ति मिलती रहे, मन के मिटें कलेश।।

नानक जी का देश में, फैला दिव्य प्रकाश।
शबद कीर्त्तन हो रहे, जगह-जगह अरदास।।

परिचय - 'मनोचा जी'

नाम	नन्द कुमार मनोचा 'वारिज'
माता/पिता	स्व. वीरां वाली/स्व० गुरदास मल
जन्म	1935 रावलपिण्डी (पाकिस्तान) मातृभाषा-पंजाबी सृजन की भाषा - हिन्दी
विद्या	बी.ए. आर्नस (हिन्दी), एल.एल.बी., साहित्य रत्न, संगीत विशारद
प्रकाशित साहित्य	काव्यकृतियां - गाये अधूरे गीत कोई, गीतों को विराम नहीं, देश पहले राष्ट्र पहले, बोले लक्ष्मण, गीत के स्वर में पिरो लूँ, गुरू तेग़ बहादर महाकाव्य, आओ चिड़िया (बाल काव्य), उपन्यास - दो प्रकाशित
अन्य गतिविधियाँ	दूरदर्शन एवं आकाशवाणी पर कहानियों का प्रसारण। लगभग एक दर्जन संकलनों में सहयोगी रचनाकार के रूप में। दो कहानी संग्रह, दो काव्य संकलन, चार नाटक तथा दो छंद मुक्त काव्य प्रकाशय
पुरस्कार एवं सम्मान	उ०प्र० हिन्दी संस्थान द्वारा दो बार कबीर नामित पुरस्कार (2002 तथा 2003) के लिए बीस बीस हजार के पुरस्कार 'देश पहले राष्ट्र पहले' तथा 'गुरू तेग़ बहादर महाकाव्य' के लिए (2004 तथा 2007) में सम्मानित एवं पुरस्कृत। राष्ट्रीय प्रतिभा सम्मान 2007 के अन्तर्गत अखिल भारतीय साहित्य, संगम, उदयपुर द्वारा 'कवि कुलाचार्य' की मानद उपाधि तथा 'शब्द सरिता' द्वारा 'काव्य श्री' अलंकरण आदि।
अन्य उल्लेखनीय	नन्द कुमार मनोचा 'वारिज' की समस्त साहित्य साधना, व्यक्तित्व एवं कृतित्व पर लखनऊ विश्वविद्यालय की शोध छात्रा कु. रीना कुमारी द्वारा लघुशोध (एम.फिल.)
सम्पर्क	एल-2/4, सेक्टर-बी, अलीगंज, लखनऊ दूरभाष : (0522) 2327365, मो० 9450004556

महिमा गुरुवाणी की

ग्रन्थों में गुरू ग्रन्थ महां है,
दुनियां शीश नवाती है।
शब्द-ब्रह्म की अमृत-वर्षा,
गुरुवाणी कहलाती है।।

वर्ष चार सौ पूर्व धरा पर, दिव्य प्रकाश था प्रगट हुआ।
पा कर जिस को अमर रूप में, हर्षित सारा जगत हुआ।
पंचम गुरू श्री अरजन जी ने, अथक परिश्रम से साधा
छत्तीस संतों की वाणी को, इक्तीस रागों में बांधा।।

पृष्ठ सहस्त्रों से सज्जित यह,
रस धारा बरसाती है -
शब्द-ब्रह्म की अमृत-वर्षा,
गुरुवाणी कहलाती है।।

नाम देव, रैदास, सूरदास की, समाविष्ट हैं कविताएं।
पीपा, संत कबीर, सैंण की, सीधी सुन्दर रचनाएं।
शेख फरीद, त्रिलोचन, धन्ना, रामानन्द, सदना बोलें।
मरदाना, परमानन्द, सुन्दर, जयदेव, भीखण रस घोले।

मानव-धर्म बखाने वाणी,
मानवता की थाती है -
शब्द-ब्रह्म की अमृत-वर्षा,
गुरुवाणी कहलाती है।।

नौवें गुरू तेग़ बहादर की गुरू ग्रन्थ में रचनाएं।
त्याग, धर्म जीवन की व्यापक, करती नाना व्याख्याए।
देहधारी गुरू को निरस्त कर, दिया ग्रन्थ को गुरू-पद नाम।
दसवें गुरू गोबिन्द सिंह ने, किया अन्त में अद्भुत काम।।

सिक्ख धर्म की ज्योति ज्योति में,
नानक ज्योति जगाती है -
शब्द-ब्रह्म की अमृत-वर्षा,
गुरुवाणी कहलाती है।।

मन का थाल सजा कर उसमें, 'सत' संतोष विचार धरो।
घोलो प्रभु का नाम-जाप-रस, नानक भव को पार करो।
सब के सुख में अपने सुख को, खोजो और तलाश करो।
'संगत' के संग चलना सीखो, मन को नहीं निराश करो।।

यही दृष्टि है गुरू ग्रन्थ की,
जो जीना सिखलाती है -
शब्द-ब्रह्म की अमृत-वर्षा,
गुरुवाणी कहलाती है।।

अतिभोगी या अतिवैरागी, मूल्य नहीं यह जीवन का।
मध्य मार्ग ही सर्वोत्तम है, महामंत्र है यापन का।
अपनी मेहनत की ही होती, सच्ची सदा कमाई है।
बांट बांट कर खाने में ही, होती सदा बड़ाई है।

सकल दृष्टि की यह गुरु वाणी,
शांति मार्ग दर्शाती है -
शब्द-ब्रह्म की अमृत-वर्षा,
गुरुवाणी कहलाती है।।

सर्व धर्म-समभाव स्रोत यह, सब को गले लगाता है
ऊँच-नीच या धनी-निर्धनी, सब का भेद मिटाता है
वर्ण-भेद या जाति-भेद का, यहां न कोई काम है
एक नूर से सब जग उपजिया, सब का दाता राम है

ऐसे अद्भुत गुरू ग्रन्थ की,
महिमा रसना गाती है -
ग्रन्थों में गुरू ग्रन्थ महा है,
दुनियां शीश निवाती है।
शब्द-ब्रह्म की अमृत-वर्षा,
गुरुवाणी कहलाती है।।

पातशाहियों को कोटि नमन !

प्रथम आदि गुरु नानक जी की, पातशाहि को कोटि नमन।
आदि ग्रन्थ की अष्टपदी, और गुरुबाणी को कोटि नमन।।

गुरू अंगद की दूजी पावन, पातशाहि को कोटि नमन।
वाणी जिन की नानक वाणी, उस वाणी को कोटि नमन।

तीजी उस गुरू अमरदास की, पातशाहि को कोटि नमन।
जिस ने नींव धरी लंगर की, ऐक्य भाव को कोटि नमन।

चौथी उस गुरू रामदास की, पातिशाहि को कोटि नमन।
जिस ने पावन अमृतसर को, विरचा उस को कोटि नमन।

पंचम् उस गुरू अरजन जी की, पातशाहि को कोटि नमन।
जो लाये थे 'बीड़' ग्रन्थ की,उस सुर्काय को कोटि नमन।

षष्ठी उस गुरू हरिगोविन्द की, पातशाहि को कोटि नमन।
अगम वीरता ज्ञान रूप वह, ज्योर्तिपुँज को कोटि नमन।

सप्तम गुरू हरिराय देव की, पातशाहि को कोटि नमन।
उन के गुरू मर्यादा पालन, अनुशीलन को कोटि नमन।

अष्टम गुरू हरिकृष्ण देव की, पातशाहि को कोटि नमन।
प्रतिभा से संपन्न, सिद्ध उस प्रखर तेज को कोटि नमन।


नौमी तेग़ बहादर गुरू की, पातशाहि को कोटि नमन।
सहज योग के साधक उन के, शीश दान को कोटि नमन।

दसवें श्री गुरू गोबिन्द सिंह की, पातशाहि को कोटि नमन।
सृजक ख़ालसा पंथ धर्म के, दृढ़ रक्षक को कोटि नमन।


दस गुरूओं की जागत ज्योति, श्री गुरू ग्रन्थ को कोटि नमन।
दसम पातशाह ने जो सजाया, ख़ालसा पंथ को कोटि नमन।

300 Saal Guru de naal
Gurta Gaddi - Nanded 2008

ਗੁਰੂ ਮਾਨਿਓ ਗ੍ਰੰਥ ਦੇ ਪ੍ਰਕਾਸ਼ਕ ਅਤੇ ਕਵੀ ਜਨ




RAJINDER SINGH BAGGA
vice-**CHAIRMAN**
Uttar Pradesh Punjabi Academy



TRILOCHAN SINGH 'CHAN'
Editor
Guru Manyo Granth



N.S. GULSHAN



C.S. RANGILA




M.M. SINGH



H.S. DIWANA




AJEET SINGH




MANINDER SINGH



LAKHWINDER SINGH



S.B. KAMLESH



N.K.M. VARIJ

BAKHSHISH. TEL: (0522) 2456014. 2459014